People's Herald | Rs- 100/month | People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice" स्वतंत्रता, समानता, भाईचारा

PATIALA On line paper 10 ਜੁਲਾਈ 2025 ਵੀਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਹਰਪਾਲ ਚੀਮਾ ਦੇ ਭਰੋਸੇ ਤੋਂ ਬਾਅਦ ਟਰਾਂਸਪੋਰਟ ਵਿਭਾਗ ਦੀਆਂ ਯੂਨੀਅਨਾਂ ਨੇ ਹੜਤਾਲ ਵਾਪਸ ਲਈ

### - ਵਿੱਤ ਮੰਤਰੀ ਚੀਮਾ ਨੇ ਟਰਾਂਸਪੋਰਟ ਵਿਭਾਗ ਨੂੰ ਯੂਨੀਅਨਾਂ ਦੀਆਂ ਮੰਗਾਂ ਬਾਰੇ ਕੈਬਨਿਟ ਸਬ-ਕਮੇਟੀ ਨੂੰ ਠੋਸ ਪ੍ਰਸਤਾਵ ਪੇਸ਼ ਕਰਨ ਦੇ ਦਿੱਤੇ ਨਿਰਦੇਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ, 9 ਜੁਲਾਈ 2025 - ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬੇ ਦੇ ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਅਗਲੇ 15 ਦਿਨਾਂ ਵਿੱਚ ਵਿਭਾਗ ਦੀਆਂ ਵੱਖ-ਵੱਖ ਯੂਨੀਅਨਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਅਤੇ ਉਨ੍ਹਾਂ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੂੰ ਇੱਕ ਠੋਸ ਰਿਪੋਰਟ ਸੌਂਪਣ। ਇਸ ਨਿਰਦੇਸ਼ ਤੋਂ ਬਾਅਦ ਵਿਭਾਗ ਦੀਆਂ ਹੜਤਾਲ 'ਤੇ ਗਈਆਂ ਯੂਨੀਅਨਾਂ ਨੇ ਆਪਣੀ ਹੜਤਾਲ ਵਾਪਸ ਲੈਣ ਦਾ ਐਲਾਨ ਕੀਤਾ।

ਵਿੱਤ ਮੰਤਰੀ ਨੇ ਇਹ ਨਿਰਦੇਸ਼ ਪੰਜਾਬ ਭਵਨ ਵਿਖੇ ਯੂਨੀਅਨਾਂ ਨਾਲ ਲਗਭਗ ਦੋ ਘੰਟੇ ਚੱਲੀ ਮੀਟਿੰਗ ਦੌਰਾਨ ਜਾਰੀ ਕੀਤੇ। ਮੀਟਿੰਗ ਵਿੱਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸਕੱਤਰ ਟਰਾਂਸਪੋਰਟ ਵਰੁਣ ਰੂਜ਼ਮ, ਡਾਇਰੈਕਟਰ ਸਟੇਟ ਟਰਾਂਸਪੋਰਟ-ਕਮ-ਮੈਨੇਜਿੰਗ ਡਾਇਰੈਕਟਰ ਪਨਬਸ ਰਾਜੀਵ ਗੁਪਤਾ ਅਤੇ ਮੈਨੇਜਿੰਗ ਡਾਇਰੈਕਟਰ ਪੀਆਰਟੀਸੀ ਬਿਕਰਮਜੀਤ ਸਿੰਘ ਸ਼ੇਰਗਿੱਲ ਵੀ ਸ਼ਾਮਲ ਹੋਏ।

ਵਿੱਤ ਮੰਤਰੀ ਨੂੰ ਪੰਜਾਬ ਰੋਡਵੇਜ਼ ਪਨਬੱਸ/ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ (25/11) ਅਤੇ ਪੰਜਾਬ ਰੋਡਵੇਜ਼/ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ (1/19) ਵੱਲੋਂ ਮੰਗਾਂ ਅਤੇ ਮੁੱਦੇ ਵਿਸਥਾਰ ਵਿੱਚ ਪੇਸ਼ ਕੀਤੇ ਗਏ। ਯੂਨੀਅਨ ਆਗੂਆਂ ਵੱਲੋਂ ਉਠਾਈਆਂ ਗਈਆਂ ਮੰਗਾਂ ਅਤੇ ਮੁੱਦਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਵਿੱਤ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਵਿਭਾਗ ਪੱਧਰੀ ਮੁੱਦਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਅਤੇ ਯੂਨੀਅਨਾਂ ਦੇ ਮੁੱਖ ਮੁੱਦਿਆਂ ਬਾਰੇ ਅਗਲੇ 15 ਦਿਨਾਂ ਵਿੱਚ ਯੂਨੀਅਨ ਆਗੂਆਂ ਨਾਲ ਮੀਟਿੰਗ ਕਰਨ ਅਤੇ ਜਾਇਜ਼ ਮੁੱਦਿਆਂ ਦੇ ਹੱਲ ਲਈ ਉਨ੍ਹਾਂ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੂੰ ਇੱਕ ਠੋਸ ਰਿਪੋਰਟ ਸੌਂਪਣ।

ਵਿੱਤ ਮੰਤਰੀ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਹਾਕਿਆਂ ਤੋਂ ਲਟਕ ਰਹੇ ਮੁਲਾਜ਼ਮਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਵਿੱਤ ਮੰਤਰੀ ਵੱਲੋਂ ਦਿੱਤੇ ਗਏ ਇਨ੍ਹਾਂ ਨਿਰਦੇਸ਼ਾਂ ਅਤੇ ਭਰੋਸੇ ਦੇ ਮੱਦੇਨਜ਼ਰ ਟਰਾਂਸਪੋਰਟ ਵਿਭਾਗ ਦੀਆਂ ਯੂਨੀਅਨਾਂ ਨੇ ਹੜਤਾਲ ਵਾਪਸ ਲੈਣ ਦਾ ਐਲਾਨ ਕੀਤਾ।

ਮੀਟਿੰਗ ਵਿੱਚ ਦੋਵਾਂ ਯੂਨੀਅਨਾਂ ਦੇ ਨੁਮਾਇੰਦੇ ਸ਼ਾਮਲ ਹੋਏ, ਜਿਨ੍ਹਾਂ ਵਿੱਚ ਪੰਜਾਬ ਰੋਡਵੇਜ਼/ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ (1/19) ਤੋਂ ਸੂਬਾ ਪ੍ਰਧਾਨ ਹਰਮਿੰਦਰ ਸਿੰਘ, ਸੂਬਾ ਜਨਰਲ ਸਕੱਤਰ ਗੁਰਮੁਖ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਬਾਜਵਾ ਅਤੇ ਸਟੇਟ ਕੈਸ਼ੀਅਰ ਜਗਦੀਪ ਸਿੰਘ ਅਤੇ ਪ੍ਰਧਾਨ ਰੇਸ਼ਮ ਸਿੰਘ ਗਿੱਲ, ਸਕੱਤਰ ਸ਼ਮਸ਼ੇਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ, ਬਲਜਿੰਦਰ ਸਿੰਘ ਅਤੇ ਜਗਜੀਤ ਸਿੰਘ, ਮੀਤ ਪ੍ਰਧਾਨ ਹਰਜਿੰਦਰ ਸਿੰਘ, ਸੰਯੁਕਤ ਸਕੱਤਰ ਜਗਤਾਰ ਸਿੰਘ ਅਤੇ ਪੰਜਾਬ ਰੋਡਵੇਜ਼/ ਪ ਨ ਬੱ ਸ / ਪੀ ਆ ਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ (25/11) ਤੋਂ ਕੈਸ਼ੀਅਰ ਰਮਨਦੀਪ ਸਿੰਘ ਅਤੇ ਬਲਜੀਤ ਸਿੰਘ ਸ਼ਾਮਲ ਸਨ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

## ਪੰਜਾਬ ਦੀ ਆਪ ਸਰਕਾਰ ਦੀਆਂ ਸਚਾਈਆਂ ਨਾਲ ਪੰਜਾਬੀਆਂ ਦਾ ਢਿੱਡ ਆਫਰ ਗਿਆ ਹੈ

### ਤੇ ਹੁਣ ਸਰਕਾਰ ਨੂੰ ਬੇਨਤੀ ਕਿ ਬੱਸ ਕਰੋ , ਹੋਰ ਸੱਚ ਨਾ ਬੋਲੋ ਕਿਤੇ ਪੇਟ ਹੀ ਨਾ ਫੱਟ ਜਾਵੇ ਤੇ ਸਾਰੇ ਸੱਚ ਬਾਹਰ ਆ ਜਾਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

**ਜ਼ਰਾ ਸੋਚੋ: ਪੰਜਾਬੀਆਂ ਦੇ ਢਿੱਡ ਆਫਰ ਗਏ !**

ਪਿੰਡਾਂ ਵਿੱਚ ਜਦੋਂ ਡੰਗਰ ਵੱਧ ਪੱਠੇ ਖਾ ਕੇ ਆਫਰ ਜਾਂਦੇ ਸਨ ਤਾਂ ਕਈ ਵਾਰ ਸੂਆ ਮਾਰ ਕੇ ਹਵਾ ਕੱਢ ਦਿੰਦੇ ਸਨ । ਆਦਮੀਆਂ ਵਿੱਚ ਵੀ ਜੇ ਪੇਟ ਜ਼ਿਆਦਾ ਭਰ ਜਾਵੇ ਤਾਂ ਐਨਟਾਸਿਡ ਨਾਮ ਦੀ ਦਵਾਈ ਦੇ ਕੇ ਖਾਣਾ ਪਚਾਇਆ ਜਾਂਦਾ । ਜੇਕਰ ਇਸ ਤਰ੍ਹਾਂ ਨਾ ਕੀਤਾ ਜਾਵੇ ਬਹੁਤ ਔਖਾ ਹੋਣਾ ਪੈਂਦਾ ਤੇ ਕਈ ਵਾਰ ਉਲਟੀ ਨਾਲ ਖਾਣਾ ਬਾਹਰ ਨਿਕਲ ਜਾਂਦਾ।

ਪੰਜਾਬ ਦੀ ਆਪ ਸਰਕਾਰ ਦੀਆਂ ਸਚਾਈਆਂ ਨਾਲ ਪੰਜਾਬੀਆਂ ਦਾ ਢਿੱਡ ਆਫਰ ਗਿਆ ਹੈ ਤੇ ਹੁਣ ਸਰਕਾਰ ਨੂੰ ਬੇਨਤੀ ਕਿ ਬੱਸ ਕਰੋ , ਹੋਰ ਸੱਚ ਨਾ ਬੋਲੋ ਕਿਤੇ ਪੇਟ ਹੀ ਨਾ ਫੱਟ ਜਾਵੇ ਤੇ ਸਾਰੇ ਸੱਚ ਬਾਹਰ ਆ ਜਾਣ ।

**ਪੜ੍ਹੋ ਸਚਾਈਆਂ ਦੀ ਲਿਸਟ—-**

ਨਸ਼ਾ ਖਤਮ ,ਰਿਸ਼ਵਤ ਖਤਮ ,ਬੇਅਦਬੀ ਮਾਮਲੇ ਹੱਲ , ਸਾਰੇ ਮੁਲਾਜ਼ਮ ਪੱਕੇ ,ਨਾਜਾਇਜ਼ ਮਾਈਨਿੰਗ ਬੰਦ ,ਸਿਹਤ ਵਰਡ ਕਲਾਸ , ਅੰਗਰੇਜ ਦਿਹਾੜੀ ਕਰ ਰਹੇ ਕਿਸਾਨਾਂ ਕੋਲ,

ਪੰਜਾਬੀਆਂ ਦੇ ਬੱਚੇ ਆਈ ਏ ਐਸ ਬਣ ਕੇ ਸਾਰੇ ਭਾਰਤ ਵਿੱਚ ਰਾਜ ਕਰ ਰਹੇ, ਪੁਰਾਣੀ ਪੈਨਸ਼ਨ ਮਿਲ ਗਈ ,ਦੋ ਲੱਖ ਨੌਕਰੀਆਂ , ਅੱਸੀ ਹਜ਼ਾਰ ਕਰੋੜ ਦਾ ਨਿਵੇਸ਼, ਮਰਸੀਡੀਜ ਭੱਜ ਰਹੀਆਂ ਪੰਜਾਬ ਦੀਆਂ ਸੜਕਾਂ ਤੇ ,ਗੋਲਡੀ ਬਰਾੜ ਫੜ ਲਿਆ ,ਰੇਤਾ ਪੰਜ ਰੁਪਏ ,ਬਿਜਲੀ ਸਮਝੌਤੇ ਰੱਦ ,ਸਾਰੇ ਮੰਤਰੀ ਸਮੇਤ ਮੁੱਖ ਮੰਤਰੀ ਲਾਈਨਾਂ ਵਿੱਚ ਲੱਗ ਕੇ ਸਲੰਡਰ ਲੈਂਦੇ ,ਮੁਆਵਜਾ ਬਿਨਾ ਗਿਰਦਾਵਰੀ ਮਿਲ ਰਿਹਾ ,ਐਮ ਐਸ ਪੀ ਚੁਟਕੀ ਵਿਚ ਮਿਲ ਗਈ ਸਾਰੀਆਂ ਫਸਲਾਂ ਤੇ ,ਅਫਸਰ ਸਾਡੇ ਘਰਾਂ ਵਿਚ ਆ ਰਹੇ , ਮੰਤਰੀ/ ਐਮ ਐਲ ਏ ਸਾਈਕਲਾਂ ਤੇ ਘੁੰਮਦੇ , ਮੁਲਾਜ਼ਮਾਂ ਦੇ ਪੇ ਕਮਿਸ਼ਨ ਦੇ ਏਰੀਅਰ ਨਾਲ ਬੈਂਕ ਭਰ ਗਏ,

ਪੈਟਰੋਲ ਡੀਜ਼ਲ ਚੰਡੀਗੜ੍ਹ ਤੋਂ ਸਸਤਾ , ਬਿਜਲੀ ਚੌਵੀ ਘੰਟੇ , ਹੜਾਂ ਤੋਂ ਬਚਣ ਲਈ ਨਹਿਰਾਂ ਸਾਫ , ਮੀਡੀਆ ਨੂੰ ਕੋਈ ਇਸ਼ਤਿਹਾਰ ਨਹੀਂ , ਮੁੱਖ ਮੰਤਰੀ ਦੀ ਫੋਟੋ ਕਿਤੇ ਲੱਗੀ ਨਜ਼ਰ ਨਹੀਂ ਆਉਂਦੀ , ਹਰ ਇੱਕ ਨੂੰ ਨਿਆਂ ਮਿਲ ਰਿਹਾ , ਬੱਕਰੀਆਂ ਮੁਰਗੀਆਂ ਨਵੀਆਂ ਲੈ ਦਿੱਤੀਆਂ , ਪੰਜਾਬ ਕਰਜ਼ਾ ਮੁਕਤ ਹੋ ਗਿਆ, ਲੋਕ ਪਾਲ ਰੋਜ਼ਾਨਾ ਮੁੱਖ ਮੰਤਰੀ/ ਮੰਤਰੀਆਂ ਤੇ ਅੱਖ ਰੱਖ ਰਿਹਾ।

" ਪੰਜਾਬ ਦੇ ਵੋਟਰਾਂ ਨੂੰ ਜੇ ਅਜੇ ਵੀ ਤਸੱਲੀ ਨਹੀ ਤਾਂ ਫਿਰ ਅਗਲੀ ਵਾਰ ਮੌਕਾ ਨਾ ਦਿਓ ਪਰ ਅਸੀਂ ਸੱਚ ਬੋਲਣ ਤੋਂ ਨਹੀਂ ਹਟਣਾ " ਆਮ ਆਦਮੀ ਪਾਰਟੀ ਬੁਲਾਰੇ ਨਿੱਤ ਮੀਡੀਆ ਵਿਚ ਦੱਸ ਰਹੇ। ਜੇ ਨਹੀਂ ਯਕੀਨ ਤਾਂ ਰੋਜ਼ਾਨਾ ਅਖਬਾਰਾਂ ਪੜ੍ਹੋ ਜਿਥੇ ਅਸੀਂ ਬਿਨਾਂ ਕੋਈ ਵਿਗਿਆਪਨ ਖ਼ਬਰਾਂ ਭੇਜ ਰਹੇ। ਹੁਣ ਤਾਂ ਅਸੀਂ ਨਿਰਪੱਖ ਮੀਡੀਆ ਸਲਾਹਕਾਰ ਵੀ ਬਾਹਰੋਂ ਲਿਆ ਕੇ ਲਾਏ ਤਾਂ ਕਿ ਵਿਰੋਧੀ ਇਲਜ਼ਾਮ ਨਾ ਲਾ ਸਕਣ ਕੇ ਪੰਜਾਬੀ ਸਲਾਹਕਾਰ ਲਾਏ ਹੋਏ ਤੇ ਵਿਤਕਰੇ ਕਰ ਰਹੇ ।

ਪੰਜਾਬੀ ਕਹਿ ਰਹੇ " ਪੰਜਾਬੀਆਂ ਵਰਗਾ ਖੁੱਲੇ ਦਿਲ ਵਾਲਾ ਸਾਰੇ ਸੰਸਾਰ ਵਿੱਚ ਕੋਈ ਨਹੀਂ ਲੱਭਣਾ ਜੋ ਅਪਣਾ ਘਰ ਲੁਟਾ ਕੇ ਵੀ ਕਹਿੰਦੇ , ਦਿੱਲੀਓਂ ਆਏ ਖਾਲੀ ਹੱਥ ਨਹੀਂ ਜਾਣੇ ਚਾਹੀਦੇ। " ਨਾਲੇ ਪੰਜਾਬੀ ਕਹੀ




ਜਾਂਦੇ ਜੇ ਥੋੜ੍ਹੀ ਬਹੁਤੀ ਢਿੱਲ ਮੱਠ ਰਹਿ ਗਈ ਤਾਂ 2027 ਵਿੱਚ ਹੋਰ ਬਹੁਤ ਬੈਠੇ, ਉਹਨਾਂ ਨੂੰ ਦੇ ਕੇ ਪੂਰੀ ਕਰ ਦੇਣੀ ਕਿਉਂਕਿ ਪੰਜਾਬ ਨੂੰ ਸਚਾਈ ਨਾਲ ਹੀ ਢਿੱਡ ਭਰਨ ਦੀ ਗੁੜ੍ਹਤੀ ਮਿਲੀ ਹੋਈ ।

ਡਾਕਟਰ ਕਹੀ ਜਾਂਦੇ ਗੁੜ੍ਹਤੀ ਦੀ ਰੀਤ ਪੁਰਾਣੀ ਹੋ ਗਈ ਜੇ ਬੱਚੇ ਨੂੰ ਜੰਮਦੇ ਹੀ ਮਾਂ ਦੇ ਦੁੱਧ ਤੇ ਨਾ ਲਾਇਆ ਤਾਂ ਬੱਚੇ ਨੂੰ ਆਦਤ ਕੋਈ ਹੋਰ ਪੈ ਜਾਣੀ। ਪੰਜਾਬੀਆਂ ਨੂੰ ਬੇਨਤੀ ਕਿ ਘਰ ਲੁਟਾਉਣ ਦੀ ਗੁੜ੍ਹਤੀ ਨਾ ਛੱਡਿਓ ਤਾਂ ਕਿ ਪੰਜਾਬੀ ਕਿਤੇ ਦਿਸਣ ਨਾ ਲੱਗ ਜਾਣ ।

ਪੰਜਾਬ ਵਸੇਗਾ ਕੰਮ ਦੇ ਨਾਲ: ਜੈ ਕਿਰਤ

ਡਾ ਦਲੇਰ ਸਿੰਘ ਮੁਲਤਾਨੀ
ਸਿਵਲ ਸਰਜਨ (ਰਿਟਾ )
9814127296
7717319896

## ਮਾਨ ਸਰਕਾਰ ਵੱਲੋਂ Industrial Revolution ਤਹਿਤ ਕੀਤੇ 12 ਵਾਅਦਿਆਂ ਵਿੱਚੋਂ 2 ਵਾਅਦੇ ਮਹੀਨੇ ਤੋਂ ਵੀ ਘੱਟ ਸਮੇਂ 'ਚ ਪੂਰੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਮਾਨ ਸਰਕਾਰ ਨੇ ਸਨਅਤਕਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਅੱਜ ਉਦਯੋਗਿਕ ਅਤੇ ਮਕਾਨ ਉਸਾਰੀ ਵਿਭਾਗ ਨਾਲ ਸਬੰਧਤ ਦੋ ਵੱਖ ਵੱਖ-ਵੱਖ ਨੋਟੀਫਿਕੇਸ਼ਨ ਜਾਰੀ ਕੀਤੇ। ਸਰਕਾਰ ਵੱਲੋਂ ਸੂਬੇ ਵਿੱਚ ਨਿਵੇਸ਼ ਪੱਖੀ ਅਤੇ ਉਦਯੋਗ ਪੱਖੀ ਮਾਹੌਲ ਸਿਰਜਣ ਦੇ ਉਦੇਸ਼ ਨਾਲ 12 ਜੂਨ ਨੂੰ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਮੌਕੇ ਕੀਤੇ 12 ਵਾਅਦਿਆਂ ਵਿੱਚੋਂ 2 ਵਾਅਦਿਆਂ ਨੂੰ ਮਹੀਨੇ ਤੋਂ ਵੀ ਘੱਟ ਸਮੇਂ 'ਚ ਪੂਰਾ ਕਰ ਦਿੱਤਾ ਗਿਆ ਹੈ।

ਅੱਜ ਇੱਥੇ ਪੰਜਾਬ ਭਵਨ ਵਿਖੇ ਇਸ ਉਪਲਬਧੀ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਉਦਯੋਗ ਤੇ ਵਣਜ ਮੰਤਰੀ ਸ੍ਰੀ

ਖਬਰ ਦਾ ਬਾਕੀ ਭਾਗ ਸਫਾ 9 ਤੇ

# SYL 'ਤੇ ਰੇੜਕਾ! ਭਗਵੰਤ ਮਾਨ ਨੇ ਕਿਹਾ- ਕੋਈ ਨਹਿਰ ਨਹੀਂ ਬਣੇਗੀ, ਕੇਂਦਰ ਸਾਡਾ ਝਗੜਾ ਨਬੇੜੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਦਿੱਲੀ , 9 ਜੁਲਾਈ 2025- ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਵਿਚਕਾਰ ਸਤਲੁਜ-ਯਮੁਨਾ ਲਿੰਕ (SYL) ਨਹਿਰ ਅਤੇ ਪਾਣੀ ਬਟਵਾਰੇ ਦੇ ਮੁੱਦੇ 'ਤੇ ਅੱਜ ਇੱਕ ਮਹੱਤਵਪੂਰਨ ਮੀਟਿੰਗ ਹੋਈ। ਮੀਟਿੰਗ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਗ ਲਿਆ।

ਸੀਐਮ ਮਾਨ ਨੇ ਸਪੱਸ਼ਟ ਕੀਤਾ ਕਿ "ਰਿਪੇਰੀਅਨ ਲਾਅ (Riparian Principle) ਅਨੁਸਾਰ ਪੰਜਾਬ ਦਾ ਹੀ ਪਾਣੀ 'ਤੇ ਹੱਕ ਹੈ। ਉਨ੍ਹਾਂ ਦੱਸਿਆ ਕਿ "ਕੋਈ SYL ਨਹਿਰ ਨਹੀਂ ਬਣੇਗੀ ਅਤੇ ਪੰਜਾਬ ਦਾ ਪਾਣੀ ਕਿਤੇ ਨਹੀਂ ਜਾਣ ਦੇਵਾਂਗੇ"।

ਮਾਨ ਨੇ ਕਿਹਾ ਕਿ ਜੇਕਰ ਚਨਾਬ ਅਤੇ ਰਾਵੀ ਨਦੀਆਂ ਵਿੱਚੋਂ ਪੰਜਾਬ ਨੂੰ 23 MAF (ਮਿਲੀਅਨ ਏਕੜ ਫੁੱਟ) ਪਾਣੀ ਮਿਲ ਜਾਵੇ, ਤਾਂ ਹੀ ਹੋਰ ਪਾਣੀ ਸਾਂਝਾ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

ਮਾਨ ਨੇ ਜ਼ੋਰ ਦੇ ਕੇ ਕਿਹਾ ਕਿ "ਹਰਿਆਣਾ ਸਾਡਾ ਦੁਸ਼ਮਣ ਨਹੀਂ, ਇਹ ਸਾਡਾ ਭਰਾ ਹੈ", ਪਰ ਪਾਣੀ ਦੇ ਹੱਕਾਂ 'ਤੇ ਪੰਜਾਬ ਕੋਈ ਸਮਝੌਤਾ ਨਹੀਂ ਕਰੇਗਾ। ਮਾਨ ਨੇ ਕਿਹਾ ਕਿ 5 ਅਗਸਤ ਨੂੰ ਪਾਣੀ ਮੁੱਦੇ 'ਤੇ ਮੁੜ ਮੀਟਿੰਗ ਹੋਵੇਗੀ। 13 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਸੁਣਵਾਈ ਹੈ, ਜਿੱਥੇ ਇਸ ਕੇਸ ਦੀ ਅਗਲੀ ਕਾਰਵਾਈ ਹੋਵੇਗੀ।

ਹਰਿਆਣਾ ਸਰਹੱਦੀ ਵਿਵਾਦ ਦਾ ਇੱਕ ਪੁਰਾਣਾ ਮਸਲਾ ਹੈ। ਹਰਿਆਣਾ ਦਾ ਦਾਅਵਾ ਹੈ ਕਿ ਪੰਜਾਬ ਨੇ 1981 ਦੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਇਸ ਨਹਿਰ ਨੂੰ ਪੂਰਾ ਨਹੀਂ ਕੀਤਾ। ਪੰਜਾਬ ਦਾ ਤਰਕ ਹੈ ਕਿ ਰਿਪੇਰੀਅਨ ਲਾਅ ਅਨੁਸਾਰ ਨਦੀ ਦਾ ਪਾਣੀ ਉਸ ਰਾਜ ਦਾ ਹੈ ਜਿੱਥੇ ਇਹ ਵਗਦਾ ਹੈ।

# ਚੂਰੂ 'ਚ ਜੈਗੁਆਰ ਜਹਾਜ਼ ਹਾਦਸੇ ਤੋਂ ਬਾਅਦ ਹਵਾਈ ਸੈਨਾ ਦਾ ਪਹਿਲਾ ਬਿਆਨ, ਦੋਵੇਂ ਪਾਇਲਟਾਂ ਦੀ ਹੋਈ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਰਾਜਸਥਾਨ ਦੇ ਚੁਰੂ ਵਿੱਚ ਜੈਗੁਆਰ ਲੜਾਕੂ ਜਹਾਜ਼ ਹਾਦਸੇ ਤੋਂ ਬਾਅਦ ਹਵਾਈ ਸੈਨਾ ਦਾ ਪਹਿਲਾ ਬਿਆਨ ਆਇਆ ਹੈ, ਜਿਸ ਵਿੱਚ ਦੋਵੇਂ ਪਾਇਲਟਾਂ ਦੀ ਮੌਤ ਹੋ ਗਈ। ਹਵਾਈ ਸੈਨਾ ਨੇ ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਇੱਕ ਕੋਰਟ ਆਫ਼ ਇਨਕੁਆਰੀ ਦਾ ਗਠਨ ਕੀਤਾ ਹੈ। ਮੁੱਢਲੀ ਜਾਣਕਾਰੀ ਅਨੁਸਾਰ, ਜਹਾਜ਼ ਇੱਕ ਰੁਟੀਨ ਸਿਖਲਾਈ ਮਿਸ਼ਨ 'ਤੇ ਸੀ ਅਤੇ ਹਾਦਸਾ ਤਕਨੀਕੀ ਕਾਰਨਾਂ ਕਰਕੇ ਹੋਇਆ ਹੋ ਸਕਦਾ ਹੈ ਪਰ ਅਸਲ ਕਾਰਨ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

ਭਾਰਤੀ ਹਵਾਈ ਸੈਨਾ (IAF) ਨੇ ਟਵੀਟ ਕਰਕੇ ਲਿਖਿਆ ਹੈ ਕਿ , "ਇੱਕ IAF ਜੈਗੁਆਰ ਟ੍ਰੇਨਰ ਜਹਾਜ਼ ਇੱਕ ਨਿਯਮਤ ਸਿਖਲਾਈ ਮਿਸ਼ਨ ਦੌਰਾਨ ਹਾਦਸਾਗ੍ਰਸਤ ਹੋ ਗਿਆ ਅਤੇ ਅੱਜ ਰਾਜਸਥਾਨ ਦੇ ਚੁਰੂ ਨੇੜੇ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਦੋਵੇਂ ਪਾਇਲਟਾਂ ਦੀ ਮੌਤ ਹੋ ਗਈ ਹੈ। ਕਿਸੇ ਵੀ ਸਿਵਲ ਜਾਇਦਾਦ ਨੂੰ ਨੁਕਸਾਨ ਹੋਣ ਦੀ ਕੋਈ ਰਿਪੋਰਟ ਨਹੀਂ ਹੈ... ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਅਦਾਲਤ ਦੀ ਜਾਂਚ ਦਾ ਗਠਨ ਕੀਤਾ ਗਿਆ ਹੈ।"

# INSPACe ਵੱਲੋਂ ਐਲਨ ਮਸਕ ਦੀ Starlink ਨੂੰ ਭਾਰਤ 'ਚ ਇੰਟਰਨੈੱਟ ਸੇਵਾਵਾਂ ਸ਼ੁਰੂ ਕਰਨ ਦੀ ਖੁੱਲ੍ਹ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com




ਭਾਰਤੀ ਪੁਲਾੜ ਰੈਗੂਲੇਟਰ INSPACe ਨੇ ਐਲਨ ਮਸਕ ਦੀ ਮਾਲਕੀ ਵਾਲੀ ਸਟਾਰਲਿੰਕ ਨੂੰ ਦੇਸ਼ ਵਿਚ ਪੁਲਾੜ ਅਧਾਰਿਤ ਇੰਟਰਨੈੱਟ ਸੇਵਾਵਾਂ ਸ਼ੁਰੂ ਕਰਨ ਲਈ ਲਾਇਸੈਂਸ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਪੁਲਾੜ ਸੈਕਟਰ ਦੇ ਰੈਗੂਲੇਟਰ ਨੇ ਇਕ ਬਿਆਨ ਵਿਚ ਕਿਹਾ, ''ਇੰਡੀਅਨ ਨੈਸ਼ਨਲ ਸਪੇਸ ਆਥੋਰਾਈਜ਼ੇਸ਼ਨ ਤੇ ਪ੍ਰਮੋਸ਼ਨ ਸੈਂਟਰ (IN-SPACe) ਨੇ ਮੈਸਰਜ਼ ਸਟਾਰਲਿੰਕ ਸੈਟੇਲਾਈਟ ਕਮਿਊਨੀਕੇਸ਼ਨਜ਼ ਪ੍ਰਾਈਵੇਟ ਲਿਮਟਿਡ ਨਵੀਂ ਦਿੱਲੀ (SS-CPL) ਨੂੰ ਲੋਅ ਅਰਥ ਓਰਬਿਟ ਉਪਗ੍ਰਹਿਆਂ ਦੇ ਸਮੂਹ ਭਾਵ 'ਸਟਾਰਲਿੰਗ ਜੈਨ 1' ਦੀ ਵਿਵਸਥਾ ਕਰਨ ਦੀ ਮਨਜ਼ੂਰੀ ਦਿੱਤੀ ਹੈ।''

ਬਿਆਨ ਵਿਚ ਕਿਹਾ ਕਿ ਇਹ ਪ੍ਰਵਾਨਗੀ, ਮਨਜ਼ੂਰੀ ਮਿਲਣ ਦੀ ਤਰੀਕ (8 ਜੁਲਾਈ) ਤੋਂ ਪੰਜ ਸਾਲਾਂ ਦੇ ਅਰਸੇ ਜਾਂ ਜੈਨ 1 ਤਾਰਾਮੰਡਲ (constellation) ਦੀ ਅਪਰੇਸ਼ਨਲ ਮਿਆਦ ਦੀ ਸਮਾਪਤੀ- ਦੋਵਾਂ ਵਿਚ ਜੋ ਵੀ ਪਹਿਲਾਂ ਹੋਵੇ- ਤੱਕ ਰਹੇਗੀ। ਸੇਵਾਵਾਂ ਨੂੰ ਲਾਗੂ ਕਰਨਾ ਨਿਰਧਾਰਤ ਰੈਗੂਲੇਟਰੀ ਪ੍ਰਬੰਧਾਂ ਅਤੇ ਸਬੰਧਤ ਸਰਕਾਰੀ ਵਿਭਾਗਾਂ ਤੋਂ ਲੋੜੀਂਦੀਆਂ ਪ੍ਰਵਾਨਗੀਆਂ, ਮਨਜ਼ੂਰੀਆਂ ਤੇ ਲਾਇਸੈਂਸਾਂ 'ਤੇ ਨਿਰਭਰ ਕਰੇਗਾ।

ਸਟਾਰਲਿੰਕ ਜੈਨ1 ਤਾਰਾਮੰਡਲ ਇੱਕ ਆਲਮੀ ਤਾਰਾਮੰਡਲ ਹੈ ਜਿਸ ਵਿੱਚ 4,408 ਉਪਗ੍ਰਹਿ 540 ਕਿਲੋਮੀਟਰ ਅਤੇ 570 ਕਿਲੋਮੀਟਰ ਦੀ ਉਚਾਈ 'ਤੇ ਧਰਤੀ ਦੀ ਪਰਿਕਰਮਾ ਕਰ ਰਹੇ ਹਨ, ਅਤੇ ਇਹ ਪੂਰੇ ਭਾਰਤ ਵਿਚ ਕਰੀਬ 600-GBPS ਦੀ ਸਪੀਡ ਪ੍ਰਦਾਨ ਕਰਨ ਦੇ ਸਮਰੱਥ ਹੈ। ਸਟਾਰਲਿੰਕ ਵਪਾਰਕ ਸੰਚਾਲਨ ਸ਼ੁਰੂ ਕਰਨ ਲਈ 2022 ਤੋਂ ਭਾਰਤੀ ਬਾਜ਼ਾਰ 'ਤੇ ਨਜ਼ਰ ਰੱਖ ਰਿਹਾ ਸੀ।

ਪਿਛਲੇ ਮਹੀਨੇ ਸਟਾਰਲਿੰਕ Eutelsat ਵਨਵੈੱਬ ਅਤੇ ਜੀਓ ਸੈਟੇਲਾਈਟ ਕਮਿਊਨੀਕੇਸ਼ਨਜ਼ ਤੋਂ ਬਾਅਦ ਤੀਜੀ ਕੰਪਨੀ ਬਣ ਗਈ ਹੈ ਜਿਸ ਨੇ ਭਾਰਤ ਵਿੱਚ ਸੈਟੇਲਾਈਟ ਇੰਟਰਨੈੱਟ ਸੇਵਾਵਾਂ ਪ੍ਰਦਾਨ ਕਰਨ ਲਈ ਦੂਰਸੰਚਾਰ ਵਿਭਾਗ ਤੋਂ ਲਾਇਸੈਂਸ ਮਿਲਿਆ ਹੈ। -ਪੀਟੀਆਈ

# ਰਾਜਸਥਾਨ 'ਚ NCB ਨੇ ਸ਼੍ਰੀ ਗੰਗਾਨਗਰ 'ਚ ਡਰੱਗਜ਼ ਲੈਬ ਫੜੀ ਦੋ ਵਿਗਿਆਨ ਦੇ ਅਧਿਆਪਕ ਗ੍ਰਿਫ਼ਤਾਰ

## 780 ਗ੍ਰਾਮ ਮੈਫੇਡ੍ਰੋਨ MD ਬਰਾਮਦ, ਹੁਣ ਤੱਕ ਕਰ ਚੁੱਕੇ ਹਨ 15 ਕਰੋੜ ਦਾ ਨਸ਼ਾ ਸਪਲਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਜੋਧਪੁਰ ਨੇ ਮੰਗਲਵਾਰ ਨੂੰ ਸ਼੍ਰੀ ਗੰਗਾਨਗਰ ਵਿੱਚ ਹਨੂੰਮਾਨਗੜ੍ਹ ਬਾਈਪਾਸ ਨੇੜੇ ਇੱਕ ਰਿਹਾਇਸ਼ੀ ਕਲੋਨੀ ਵਿੱਚ ਇੱਕ ਫਲੈਟ ਵਿੱਚ ਛਾਪਾ ਮਾਰਿਆ ਅਤੇ ਮੈਫੇਡ੍ਰੋਨ ਐਮਡੀ ਡਰੱਗਜ਼ ਬਣਾਉਣ ਵਾਲੀ ਇੱਕ ਲੈਬ ਫੜੀ। 780 ਗ੍ਰਾਮ ਐਮਡੀ ਡਰੱਗਜ਼, ਵੱਖ-ਵੱਖ ਰਸਾਇਣ ਅਤੇ ਉਪਕਰਣ ਜ਼ਬਤ ਕਰਨ ਤੋਂ ਬਾਅਦ ਦੋ ਅਧਿਆਪਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜ਼ਬਤ ਕੀਤੀਆਂ ਗਈਆਂ ਦਵਾਈਆਂ ਦੀ ਕੀਮਤ 2.34 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਦੋਵਾਂ ਅਧਿਆਪਕਾਂ ਨੇ ਦੋ ਮਹੀਨਿਆਂ ਵਿੱਚ 15 ਕਰੋੜ ਰੁਪਏ ਦੀਆਂ ਪੰਜ ਕਿਲੋ ਡਰੱਗਜ਼ ਬਣਾਈਆਂ ਹਨ। ਹੈਰਾਨੀ ਦੀ ਗੱਲ ਹੈ ਕਿ ਰਿਹਾਇਸ਼ੀ ਖੇਤਰ ਦੇ ਵਿਚਕਾਰ ਇੱਕ ਫਲੈਟ ਵਿੱਚ ਐਮਡੀ ਡਰੱਗਜ਼ ਬਣਾਉਣ ਵਾਲੀ ਇੱਕ ਲੈਬ ਚੱਲ ਰਹੀ ਸੀ, ਪਰ ਸਥਾਨਕ ਪੁਲਿਸ ਨੂੰ ਕੋਈ ਸੁਰਾਗ ਵੀ ਨਹੀਂ ਮਿਲਿਆ।

ਐਨਸੀਬੀ ਦੇ ਖੇਤਰੀ ਨਿਰਦੇਸ਼ਕ ਘਣਸ਼ਿਆਮ ਸੋਨੀ ਨੇ ਕਿਹਾ ਕਿ ਸ਼੍ਰੀ ਗੰਗਾਨਗਰ ਵਿੱਚ ਰਿਧੀ-ਸਿੱਧੀ ਐਨਕਲੇਵ ਦੇ ਨੇੜੇ ਡ੍ਰੀਮ ਹਾਊਸ ਅਪਾਰਟਮੈਂਟ ਦੇ ਇੱਕ ਫਲੈਟ ਵਿੱਚ ਮੈਫੇਡ੍ਰੋਨ (ਮਿਥਾਈਲਮੇਥਕੈਥੀਨੋਨ ਡਰੱਗਜ਼) ਬਣਾਉਣ ਲਈ ਇੱਕ ਗੁਪਤ ਲੈਬ ਚਲਾਉਣ ਬਾਰੇ ਜਾਣਕਾਰੀ ਮਿਲੀ ਸੀ। ਇਸਨੂੰ ਆਮ ਤੌਰ 'ਤੇ ਐਮਡੀ ਡਰੱਗਜ਼ ਕਿਹਾ ਜਾਂਦਾ ਹੈ। ਬਿਊਰੋ ਨੇ ਮੰਗਲਵਾਰ ਸਵੇਰੇ ਫਲੈਟ 'ਤੇ ਛਾਪਾ ਮਾਰਿਆ। ਤਲਾਸ਼ੀ ਲੈਣ 'ਤੇ, ਬਿਊਰੋ ਦੇ ਅਧਿਕਾਰੀ ਵੀ ਲੈਬ ਅਤੇ ਨਸ਼ੇ ਬਣਾਉਣ ਲਈ ਉਪਕਰਣ ਦੇਖ ਕੇ ਹੈਰਾਨ ਰਹਿ ਗਏ। ਮੌਕੇ ਤੋਂ ਨਸ਼ੇ ਬਣਾਉਣ ਲਈ ਰਸਾਇਣ ਅਤੇ ਲੈਬ ਵਿੱਚ ਨਸ਼ੇ ਬਣਾਉਣ ਲਈ ਕਈ ਉਪਕਰਣ ਜ਼ਬਤ ਕੀਤੇ ਗਏ।

ਦੋਵੇਂ ਸਾਇੰਸ ਅਧਿਆਪਕ ਹਨ, ਇੱਕ ਆਰਏਐਸ ਦੀ ਤਿਆਰੀ ਕਰ ਰਿਹਾ ਸੀ

ਐਨਡੀਪੀਐਸ ਐਕਟ ਦੇ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਰਾਏਸਿੰਘਨਗਰ ਦੇ ਰਹਿਣ ਵਾਲੇ ਹੰਸਰਾਜ ਭਾਰਗਵ ਦੇ ਪੁੱਤਰ ਮਨੋਜ ਅਤੇ ਸਾਧੂਵਾਲੀ ਪਿੰਡ ਦੇ ਰਹਿਣ ਵਾਲੇ ਰਾਜੂਰਾਮ ਬਿਸ਼ਨੋਈ ਦੇ ਪੁੱਤਰ ਇੰਦਰਜੀਤ ਨੂੰ ਸ਼੍ਰੀ ਗੰਗਾਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਸ਼ੀ ਮਨੋਜ 2020 ਤੋਂ ਮੁਕਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਗਿਆਨ ਅਧਿਆਪਕ ਹੈ। ਜਦੋਂ ਕਿ, ਇੰਦਰਜੀਤ ਐਮਡੀ ਪਬਲਿਕ ਸਕੂਲ ਵਿੱਚ ਭੌਤਿਕ ਵਿਗਿਆਨ ਅਧਿਆਪਕ ਹੈ। ਉਹ 2014 ਤੋਂ 2024 ਤੱਕ ਪੜ੍ਹਾ ਰਿਹਾ ਹੈ ਅਤੇ ਕੋਚਿੰਗ ਦੇ ਰਿਹਾ ਹੈ। ਉਹ ਆਰਏਐਸ ਦੀ ਤਿਆਰੀ ਵੀ ਕਰ ਰਿਹਾ ਸੀ।

# ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਖਿਲਾਫ਼ ਚੱਕਾ ਜਾਮ; ਰਾਹੁਲ ਤੇ ਤੇਜਸਵੀ ਸੜਕਾਂ 'ਤੇ ਉੱਤਰੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com





Bihar Bandh: ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (Special Intensive Revision – SIR) ਖਿਲਾਫ਼ ਮਹਾਂਗੱਠਜੋੜ ਨੇ ਬੁੱਧਵਾਰ ਨੂੰ ਪੂਰੇ ਰਾਜ ਵਿਚ ਚੱਕਾ ਜਾਮ ਕੀਤਾ।

ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕੀਤੀ। ਇਸ ਮੌਕੇ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਵੀ ਮੌਜੂਦ ਸਨ। ਪਟਨਾ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ 'ਤੇ ਮਹਾਂਗੱਠਜੋੜ ਦੇ ਸਾਰੇ ਪ੍ਰਮੁੱਖ ਆਗੂ ਉੱਤਰੇ ਤੇ ਸੜਕਾਂ 'ਤੇ ਮਾਰਚ ਕੱਢਦੇ ਨਜ਼ਰ ਆਏ।

ਪ੍ਰਦਰਸ਼ਨਕਾਰੀ ਆਮਦਨ ਕਰ ਚੌਂਕ ਤੋਂ ਵੀਰਚੰਦ ਪਟੇਲ ਮਾਰਗ ਅਤੇ ਸ਼ਹੀਦ ਸਮਾਰਕ ਰਾਹੀਂ ਚੋਣ ਕਮਿਸ਼ਨ ਦਫ਼ਤਰ ਤੱਕ ਮਾਰਚ ਕਰ ਰਹੇ ਹਨ। ਮਹਾਂਗੱਠਜੋੜ ਦਾ ਦੋਸ਼ ਹੈ ਕਿ ਵੋਟਰ ਸੂਚੀ ਵਿੱਚ SIR ਪ੍ਰਕਿਰਿਆ ਰਾਹੀਂ ਹੇਰਾਫੇਰੀ ਕੀਤੀ ਜਾ ਰਹੀ ਹੈ ਅਤੇ ਵਿਰੋਧੀ ਵੋਟਰਾਂ ਨੂੰ ਜਾਣਬੁੱਝ ਕੇ ਸੂਚੀ ਵਿੱਚੋਂ ਹਟਾਇਆ ਜਾ ਰਿਹਾ ਹੈ।

ਪਟਨਾ ਦੇ ਆਇਕਰ ਗੋਲੰਬਰ ਤੋਂ ਸ਼ੁਰੂ ਹੋਏ ਵਿਰੋਧ ਮਾਰਚ ਦੌਰਾਨ ਰਾਹੁਲ ਗਾਂਧੀ ਹੋਰ ਆਗੂਆਂ ਨਾਲ ਇੱਕ ਵਾਹਨ 'ਤੇ ਸਵਾਰ ਹੋਏ। ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਦੀ ਵਿਸ਼ੇਸ਼ ਸੁਧਾਈ (SIR) ਦੇ ਵਿਰੋਧ ਵਿੱਚ ਮਹਾਂਗੱਠਜੋੜ ਵੱਲੋਂ ਦਿੱਤੇ ਗਏ ਰਾਜ ਵਿਆਪੀ ਬੰਦ ਦੇ ਮੱਦੇਨਜ਼ਰ ਬੁੱਧਵਾਰ ਨੂੰ ਵਿਰੋਧੀ ਪਾਰਟੀਆਂ ਦੇ ਵਰਕਰ ਸੜਕਾਂ 'ਤੇ ਉਤਰ ਆਏ, ਜਿਸ ਕਾਰਨ ਰਾਜ ਦੇ ਕਈ ਹਿੱਸਿਆਂ ਵਿੱਚ ਰੇਲ ਅਤੇ ਸੜਕੀ ਆਵਾਜਾਈ ਪ੍ਰਭਾਵਿਤ ਹੋਈ।

ਪੂਰਨੀਆ ਤੋਂ ਆਜ਼ਾਦ ਲੋਕ ਸਭਾ ਮੈਂਬਰ ਰਾਜੇਸ਼ ਰੰਜਨ ਉਰਫ਼ ਪੱਪੂ ਯਾਦਵ, ਆਪਣੇ ਸਮਰਥਕਾਂ ਸਮੇਤ 'ਸਕੱਤਰੇਤ ਹਾਲਟ' ਰੇਲਵੇ ਸਟੇਸ਼ਨ ਪਹੁੰਚੇ ਅਤੇ ਰੇਲ ਆਵਾਜਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਯਾਦਵ ਦੇ ਸਮਰਥਕਾਂ ਨੇ ਪਟਨਾ ਦੇ ਕਈ ਇਲਾਕਿਆਂ ਦੇ ਨਾਲ-ਨਾਲ ਰਾਜ ਦੇ ਹੋਰ ਹਿੱਸਿਆਂ ਸਮੇਤ ਅਰਰੀਆ, ਪੂਰਨੀਆ, ਕਟਿਹਾਰ ਅਤੇ ਮੁਜ਼ੱਫਰਪੁਰ ਵਿੱਚ ਰੇਲ ਅਤੇ ਸੜਕ ਆਵਾਜਾਈ ਰੋਕੀ। ਉਨ੍ਹਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, ''ਚੋਣ ਕਮਿਸ਼ਨ ਵੋਟਰ ਸੂਚੀ ਦੀ ਆਪਣੀ ਵਿਸ਼ੇਸ਼ ਸੋਧ ਮੁਹਿੰਮ ਰਾਹੀਂ ਪ੍ਰਵਾਸੀਆਂ, ਦਲਿਤਾਂ, ਮਹਾਦਲਿਤਾਂ ਅਤੇ ਗਰੀਬ ਵੋਟਰਾਂ ਦੇ ਵੋਟਿੰਗ ਅਧਿਕਾਰਾਂ ਨੂੰ ਖੋਹ ਰਿਹਾ ਹੈ। ਇਹ ਇਸ ਸਾਲ ਦੇ ਅੰਤ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਿੰਗ ਵਿੱਚ ਵਿਘਨ ਪਾਉਣ ਦੀ ਸਾਜ਼ਿਸ਼ ਹੈ।''

ਰਾਸ਼ਟਰੀ ਜਨਤਾ ਦਲ (ਆਰਜੇਡੀ), ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) (ਸੀਪੀਆਈ-ਐਮ) ਦੇ ਵਰਕਰਾਂ ਨੇ ਵੀ ਅਰਵਲ, ਜਹਾਨਾਬਾਦ ਅਤੇ ਦਰਭੰਗਾ ਵਿੱਚ ਬਿਹਾਰ ਬੰਦ ਦੇ ਸਮਰਥਨ ਵਿੱਚ ਟਾਇਰ ਸਾੜੇ ਅਤੇ ਸੜਕਾਂ ਜਾਮ ਕੀਤੀਆਂ। ਇਸ ਦੌਰਾਨ, ਪਟਨਾ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਨਗਰ ਪੰਚਾਇਤਾਂ ਦੀਆਂ ਉਪ ਚੋਣਾਂ ਲਈ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਬਦਕਿਸਮਤੀ ਨਾਲ ਮੈਂ ਇੱਕ ਅਛੂਤ ਹਿੰਦੂ ਵਜੋਂ ਪੈਦਾ ਹੋਇਆ ਸੀ, ਪਰ ਮੈਂ ਇਸ ਤਰ੍ਹਾਂ ਨਹੀਂ ਮਰਾਂਗਾ। (ਕੱਲ੍ਹ ਦੇ ਲੇਖ ਦਾ ਬਾਕੀ ਭਾਗ)

"ਡਾ. ਅੰਬੇਡਕਰ ਆਪਣੇ ਜਰਨੈਲਾਂ ਨਾਲ ਯੇਓਲਾ ਛੱਡ ਕੇ ਨਾਸਿਕ ਵਿੱਚ ਰਹੇ। ਜਦੋਂ ਉਹ ਉੱਥੇ ਸਨ, ਤਾਂ 15 ਅਤੇ 16 ਅਕਤੂਬਰ 1935 ਨੂੰ ਸਫਾਈ ਸੇਵਕਾਂ (ਮੇਘਵਾਲ ਭਾਈਚਾਰੇ ਦੇ) ਨੇ ਉਨ੍ਹਾਂ ਦਾ ਰਾਤ ਦੇ ਖਾਣੇ ਅਤੇ ਚਾਹ ਨਾਲ ਸਵਾਗਤ ਕੀਤਾ।



ਡਾ. ਬੀ.ਆਰ. ਅੰਬੇਡਕਰ ਦੇ ਹਿੰਦੂ ਧਰਮ ਨੂੰ ਤਿਆਗ ਕੇ ਕੋਈ ਹੋਰ ਧਰਮ ਅਪਣਾਉਣ ਦੀ ਖ਼ਬਰ ਪੂਰੀ ਦੁਨੀਆ ਵਿੱਚ ਵਿਆਪਕ ਤੌਰ 'ਤੇ ਫੈਲ ਗਈ। ਇਹ ਐਲਾਨ ਬੇਰਹਿਮ ਹਿੰਦੂ ਸਮਾਜ ਲਈ ਇੱਕ ਭਿਆਨਕ ਤੂਫ਼ਾਨ ਵਾਂਗ ਸੀ। ਇਹ ਐਲਾਨ ਇੱਕ ਗਰਜ ਵਾਂਗ ਸੀ ਅਤੇ ਹਿੰਦੂ ਹੈਰਾਨ ਅਤੇ ਹੈਰਾਨ ਰਹਿ ਗਏ। ਹਿੰਦੂਆਂ ਅਤੇ ਹਿੰਦੂ ਰੱਖਿਆਤਮਕ ਸਮੂਹਾਂ ਵਿੱਚ ਭਿਆਨਕ ਗੁੱਸੇ ਦਾ ਮਾਹੌਲ ਸੀ। ਇਸ ਖ਼ਬਰ 'ਤੇ ਇਨ੍ਹਾਂ ਸਮੂਹਾਂ ਵਿੱਚ ਭਾਰੀ ਪ੍ਰਤੀਕਿਰਿਆ ਹੋਈ, ਜੋ ਕਿ ਇਸ ਪ੍ਰਕਾਰ ਸੀ।

- ਸੰਪਾਦਕ

"ਜ਼ਾਲਮ ਅਤੇ ਮਨੁੱਖਤਾ ਨੂੰ ਨਫ਼ਰਤ ਕਰਨ ਵਾਲੇ ਕੱਟੜਪੰਥੀ ਹਿੰਦੂ ਦਲਿਤਾਂ ਦੇ ਇਸ ਫੈਸਲੇ ਤੋਂ ਪ੍ਰਭਾਵਿਤ ਨਹੀਂ ਹੋਏ। ਉਹ ਇੰਨੀ ਘਟੀਆ ਅਤੇ ਖੋਖਲੀ ਸਥਿਤੀ ਵਿੱਚ ਸਨ ਕਿ ਉਨ੍ਹਾਂ ਦੇ ਮਨ ਸੁਸਤ ਸਨ ਅਤੇ ਉਹ ਦੇਖ ਨਹੀਂ ਸਕਦੇ ਸਨ। ਗੈਰ-ਬ੍ਰਾਹਮਣ ਅਨਪੜ੍ਹ ਸੋਚਦੇ ਸਨ ਕਿ ਧਰਮ ਨਾਲ ਸਬੰਧਤ ਮਾਮਲਿਆਂ ਦਾ ਫੈਸਲਾ ਬ੍ਰਾਹਮਣਾਂ ਦੇ ਹੱਥਾਂ ਵਿੱਚ ਹੈ। ਉਨ੍ਹਾਂ ਨੇ ਯੇਓਲਾ ਫੈਸਲੇ ਦਾ ਜਸ਼ਨ ਮਨਾਇਆ। ਸਨਾਤਨ ਹਿੰਦੂਆਂ ਨੇ ਰਾਹਤ ਦਾ ਸਾਹ ਲਿਆ ਅਤੇ ਨਾਸਿਕ ਦੇ ਸਨਾਤਨ ਹਿੰਦੂ ਜੋ ਪਿਛਲੇ ਪੰਜ ਸਾਲਾਂ ਤੋਂ ਮੰਦਰ ਪ੍ਰਵੇਸ਼ ਸੱਤਿਆਗ੍ਰਹਿ ਤੋਂ ਦੁਖੀ ਸਨ, ਦਲਿਤਾਂ ਦੇ ਹਿੰਦੂ ਧਰਮ ਛੱਡਣ ਦੇ ਫੈਸਲੇ ਤੋਂ ਖੁਸ਼ ਸਨ। ਅਛੂਤਾਂ ਦੇ ਤਾਜ਼ਾ ਐਲਾਨ ਦੇ ਮੱਦੇਨਜ਼ਰ, ਨਾਸਿਕ ਰੱਥ ਯਾਤਰਾ 'ਤੇ ਪਾਬੰਦੀ ਨੂੰ ਤੁਰੰਤ ਹਟਾਉਣ ਲਈ ਜ਼ਿਲ੍ਹਾ ਮੈਜਿਸਟਰੇਟ ਦੇ ਦਫ਼ਤਰ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ।

ਬੁੱਧੀਜੀਵੀਆਂ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਵਿਅਕਤੀਆਂ ਨੇ ਦਲਿਤਾਂ ਦੇ ਫੈਸਲੇ ਦੀ ਨਿੰਦਾ ਕੀਤੀ। ਇੱਕ ਸਿੰਧੀ ਹਿੰਦੂ ਨੇ ਹਿੰਦੂ ਧਰਮ ਤਿਆਗਣ 'ਤੇ ਖੂਨ ਨਾਲ ਲਿਖੇ ਪੱਤਰ ਵਿੱਚ ਡਾ. ਅੰਬੇਡਕਰ ਨੂੰ ਮਾਰਨ ਦੀ ਧਮਕੀ ਦਿੱਤੀ।

ਡਾ. ਅੰਬੇਡਕਰ ਦੇ ਯੇਓਲਾ ਭਾਸ਼ਣ 'ਤੇ ਗਾਂਧੀ ਜੀ ਦੀ ਪ੍ਰਤੀਕਿਰਿਆ:

ਵਰਧਾ, 15 ਅਕਤੂਬਰ ਨੂੰ, ਐਸੋਸੀਏਟਿਡ ਪ੍ਰੈਸ ਪ੍ਰਤੀਨਿਧੀ ਗਾਂਧੀ ਜੀ ਨਾਲ ਡਾ. ਅੰਬੇਡਕਰ ਦੇ ਭਾਸ਼ਣ ਬਾਰੇ ਇੰਟਰਵਿਊ ਕੀਤੀ ਅਤੇ ਉਨ੍ਹਾਂ ਦੀ ਪ੍ਰਤੀਕਿਰਿਆ ਮੰਗੀ। ਗਾਂਧੀ ਜੀ ਨੇ ਕਿਹਾ, "ਜਿਸ ਭਾਸ਼ਣ ਲਈ ਡਾ. ਅੰਬੇਡਕਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਉਹ ਅਵਿਸ਼ਵਾਸ਼ਯੋਗ ਹੈ। ਜੇਕਰ ਉਨ੍ਹਾਂ ਨੇ ਇਹ ਭਾਸ਼ਣ ਦਿੱਤਾ ਹੈ ਅਤੇ ਸਭਾ ਨੇ ਵਚਨਬੱਧ ਹਿੰਦੂ ਧਰਮ ਨਾਲ ਸਾਰੇ ਸੰਬੰਧ ਤੋੜਨ ਅਤੇ ਕੋਈ ਹੋਰ ਧਰਮ ਅਪਣਾਉਣ ਦਾ ਮਤਾ ਪਾਸ ਕੀਤਾ ਹੈ ਜੋ ਉਨ੍ਹਾਂ ਨੂੰ ਬਰਾਬਰੀ ਦੀ ਗਰੰਟੀ ਦੇ ਸਕਦਾ ਹੈ, ਤਾਂ ਮੈਂ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਮੰਦਭਾਗਾ ਮੰਨਦਾ ਹਾਂ, ਖਾਸ ਕਰਕੇ ਜਦੋਂ, ਕੁਝ ਇਕੱਲੀਆਂ ਘਟਨਾਵਾਂ ਨੂੰ ਛੱਡ ਕੇ, ਛੂਤ-ਛਾਤ ਆਪਣੇ ਆਖਰੀ ਪੜਾਅ 'ਤੇ ਹੈ।

ਮੈਂ ਡਾ. ਅੰਬੇਡਕਰ ਵਰਗੇ ਇੱਕ ਪਵਿੱਤਰ ਆਤਮਾ ਅਤੇ ਉੱਚ ਸਿੱਖਿਆ ਪ੍ਰਾਪਤ ਆਦਮੀ ਪ੍ਰਤੀ ਭਾਵਨਾਵਾਂ ਅਤੇ ਦੂਜੇ ਪਿੰਡਾਂ ਵਿੱਚ ਉਨ੍ਹਾਂ 'ਤੇ ਹੋਏ ਅੱਤਿਆਚਾਰਾਂ 'ਤੇ ਗੁੱਸੇ ਨੂੰ ਸਮਝ ਸਕਦਾ ਹਾਂ।

ਪਰ ਧਰਮ ਕੋਈ ਘਰ ਜਾਂ ਕੱਪੜਾ ਨਹੀਂ ਹੈ ਜਿਸਨੂੰ ਤੁਸੀਂ ਜਦੋਂ ਚਾਹੋ ਬਦਲ ਸਕਦੇ ਹੋ। ਇਹ ਸਾਡੇ ਸਰੀਰ ਅਤੇ ਆਤਮਾ ਦਾ ਇੱਕ ਅਨਿੱਖੜਵਾਂ ਅੰਗ ਹੈ। ਧਰਮ ਕਿਸੇ ਵੀ ਵਿਅਕਤੀ ਨੂੰ ਉਸਦੇ ਸਿਰਜਣਹਾਰ ਨਾਲ ਜੋੜਦਾ ਹੈ ਜਦੋਂ ਕਿ ਸਰੀਰ ਨਾਸ਼ਵਾਨ ਹੈ ਅਤੇ ਮਨੁੱਖ ਨਾਸ਼ ਹੋ ਜਾਂਦਾ ਹੈ। ਪਰ ਧਰਮ ਮੌਤ ਤੋਂ ਬਾਅਦ ਵੀ ਮੌਜੂਦ ਹੈ। ਜੇਕਰ ਡਾ. ਅੰਬੇਡਕਰ ਨੂੰ ਪਰਮਾਤਮਾ ਵਿੱਚ ਵਿਸ਼ਵਾਸ ਹੈ, ਤਾਂ ਮੈਂ ਉਨ੍ਹਾਂ ਨੂੰ ਆਪਣੇ ਗੁੱਸੇ ਨੂੰ ਸ਼ਾਂਤ ਕਰਨ ਅਤੇ ਆਪਣੀ ਸਥਿਤੀ 'ਤੇ ਮੁੜ ਵਿਚਾਰ ਕਰਨ ਅਤੇ ਆਪਣੇ ਪੁਰਖਿਆਂ ਦੇ ਧਰਮ ਦਾ ਮੁਲਾਂਕਣ ਇਸਦੇ ਆਪਣੇ ਮਹੱਤਵ ਅਤੇ ਗੁਣਾਂ ਦੇ ਅਧਾਰ 'ਤੇ ਕਰਨ ਦੀ ਤਾਕੀਦ ਕਰਨਾ ਚਾਹੁੰਦਾ ਹਾਂ, ਨਾ ਕਿ ਇਸਦੇ ਅਵਿਸ਼ਵਾਸੀ ਪੈਰੋਕਾਰਾਂ ਦੀਆਂ ਕਮਜ਼ੋਰੀਆਂ ਦੇ ਅਧਾਰ 'ਤੇ।

ਅੰਤ ਵਿੱਚ, ਮੈਨੂੰ ਯਕੀਨ ਹੈ ਕਿ ਅਨਪੜ੍ਹ ਪੇਂਡੂ ਹਰੀਜਨ ਜਿਨ੍ਹਾਂ ਨੇ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਨਾਲ ਪ੍ਰਣ ਲਿਆ ਸੀ, ਉਹ ਬਹੁਤ ਖੁਸ਼ ਹੋਣਗੇ ਜਦੋਂ ਉਹ ਦੇਖਣਗੇ ਕਿ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਆਪਣੇ ਪੁਰਖਿਆਂ ਦੁਆਰਾ ਵਿਰਾਸਤ ਵਿੱਚ ਪ੍ਰਾਪਤ ਧਰਮ ਨੂੰ ਆਪਣਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ, ਖਾਸ ਕਰਕੇ ਜਦੋਂ ਉਹ ਆਪਣੇ ਜੀਵਨ ਦੇ ਚੰਗੇ ਅਤੇ ਮਾੜੇ ਪਲਾਂ ਨੂੰ ਯਾਦ ਕਰਨਗੇ ਅਤੇ ਉਨ੍ਹਾਂ ਅਤੇ ਉੱਚ ਜਾਤੀ ਦੇ ਹਿੰਦੂਆਂ ਵਿਚਕਾਰ ਸਬੰਧ ਜਿਵੇਂ ਕਿ ਇੱਕ ਰੁੱਖ ਅਤੇ ਇੱਕ ਰੀਂਗਣ ਵਾਲਾ।

ਐਨ.ਪੀ. ਗਾਂਧੀ ਦੀ ਪ੍ਰਤੀਕਿਰਿਆ 'ਤੇ ਡਾ. ਅੰਬੇਡਕਰ ਦੀ ਰਾਏ:

'ਬੰਬਈ, 15 ਅਕਤੂਬਰ 1935

ਜਦੋਂ ਐਸੋਸੀਏਟਿਡ ਪ੍ਰੈਸ ਦੇ ਪ੍ਰਤੀਨਿਧੀ ਨੇ ਨਾਸਿਕ ਭਾਸ਼ਣ 'ਤੇ ਡਾ. ਅੰਬੇਡਕਰ ਗਾਂਧੀ ਦਾ ਬਿਆਨ ਦਿਖਾਇਆ, ਤਾਂ ਉਨ੍ਹਾਂ ਐਲਾਨ ਕੀਤਾ, "ਅਸੀਂ ਅਜੇ ਤੱਕ ਇਹ ਫੈਸਲਾ ਨਹੀਂ ਕੀਤਾ ਹੈ ਕਿ ਅਸੀਂ ਕਿਹੜਾ ਧਰਮ ਅਪਣਾਵਾਂਗੇ, ਕਿਹੜੀਆਂ ਯੋਜਨਾਵਾਂ ਅਤੇ ਸਾਧਨਾਂ ਦੀ ਵਰਤੋਂ ਕਰਾਂਗੇ, ਪਰ ਡੂੰਘੀ ਸੋਚ-ਵਿਚਾਰ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਤੋਂ ਬਾਅਦ, ਅਸੀਂ ਇਸ ਪੱਕੇ ਫੈਸਲੇ 'ਤੇ ਪਹੁੰਚੇ ਹਾਂ ਕਿ ਹਿੰਦੂ ਧਰਮ ਸਾਡੇ ਹਿੱਤ ਵਿੱਚ ਨਹੀਂ ਹੈ।" ਉਨ੍ਹਾਂ ਕਿਹਾ, "ਅਸਮਾਨਤਾ ਉਹ ਤੱਥ ਹੈ ਜੋ ਇਸ ਬਹਿਸ ਦਾ ਆਧਾਰ ਹੈ ਅਤੇ ਇਸ ਦੀਆਂ ਆਪਣੀਆਂ ਸ਼ਾਖਾਵਾਂ ਹਨ, ਜਿਸ ਕਾਰਨ ਦਲਿਤ ਜਾਤੀਆਂ ਕਦੇ ਵੀ ਪ੍ਰਫੁੱਲਤ ਨਹੀਂ ਹੋ ਸਕਦੀਆਂ। ਕਿਸੇ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਮੈਂ ਇਹ ਗੱਲ ਕਵਿਤਾ ਪਿੰਡ ਜਾਂ ਕਿਸੇ ਹੋਰ ਜਗ੍ਹਾ 'ਤੇ ਦਲਿਤਾਂ 'ਤੇ ਹੋਏ ਅੱਤਿਆਚਾਰਾਂ ਵਿਰੁੱਧ ਗੁੱਸੇ ਵਿੱਚ ਜਾਂ ਗੁੱਸੇ ਅਤੇ ਭਾਵੁਕਤਾ ਵਿੱਚ ਕਹੀ ਹੈ। ਇਹ ਡੂੰਘੀ ਸੋਚ ਅਤੇ ਸਮਝ ਤੋਂ ਬਾਅਦ ਲਿਆ ਗਿਆ ਫੈਸਲਾ ਹੈ। ਮੈਂ ਗਾਂਧੀ ਜੀ ਨਾਲ ਸਹਿਮਤ ਹਾਂ ਕਿ ਧਰਮ ਜ਼ਰੂਰੀ ਹੈ, ਪਰ ਮੈਂ ਇਸ ਤੱਥ ਨਾਲ ਸਹਿਮਤ ਨਹੀਂ ਹਾਂ ਕਿ ਇੱਕ ਆਦਮੀ ਨੂੰ ਆਪਣੇ ਪੁਰਖਿਆਂ ਦੇ ਧਰਮ ਨਾਲ ਜੁੜਿਆ ਰਹਿਣਾ ਚਾਹੀਦਾ ਹੈ, ਭਾਵੇਂ ਉਹ ਧਰਮ ਉਸਦੀ ਸੋਚ ਲਈ ਬਹੁਤ ਹੀ ਅਣਸੁਖਾਵਾਂ ਹੋਵੇ ਅਤੇ ਉਸਦੇ ਨੈਤਿਕ ਵਿਵਹਾਰ ਦੇ ਮਾਪਦੰਡਾਂ 'ਤੇ ਖਰਾ ਨਾ ਉਤਰੇ, ਭਾਵੇਂ ਇਹ ਜੀਵਨ ਵਿੱਚ ਤਰੱਕੀ ਅਤੇ ਤੰਦਰੁਸਤੀ ਨੂੰ ਪ੍ਰੇਰਿਤ ਨਾ ਕਰੇ।"

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਧਰਮ ਪਰਿਵਰਤਨ ਬਾਰੇ ਕਦੋਂ ਸੋਚ ਰਹੇ ਹਨ, ਜਾਂ ਕੀ ਇਹ ਇੱਕ ਵਿਅਕਤੀਗਤ ਫੈਸਲਾ ਹੋਵੇਗਾ ਜਾਂ ਸਮੂਹਿਕ ਧਰਮ ਪਰਿਵਰਤਨ ਹੋਵੇਗਾ, ਤਾਂ ਡਾ. ਅੰਬੇਡਕਰ ਨੇ ਜਵਾਬ ਦਿੱਤਾ, "ਮੈਂ ਧਰਮ ਪਰਿਵਰਤਨ ਕਰਨ ਦਾ ਮਨ ਬਣਾ ਲਿਆ ਹੈ। ਜੇਕਰ ਜਨਤਾ ਇਸ ਲਈ ਅੱਗੇ ਨਹੀਂ ਆਉਂਦੀ, ਤਾਂ ਮੈਨੂੰ ਕੋਈ ਚਿੰਤਾ ਨਹੀਂ ਹੈ। ਇਹ ਉਨ੍ਹਾਂ ਦਾ ਫੈਸਲਾ ਹੈ। ਜੇਕਰ ਉਨ੍ਹਾਂ ਨੂੰ ਇਹ ਪਸੰਦ ਹੈ, ਤਾਂ ਉਹ ਮੇਰਾ ਪਾਲਣ ਕਰਨਗੇ ਅਤੇ ਜੇਕਰ ਉਨ੍ਹਾਂ ਨੂੰ ਇਹ ਪਸੰਦ ਨਹੀਂ ਹੈ, ਤਾਂ ਉਹ ਮੇਰੀ ਮਿਸਾਲ ਦਾ ਪਾਲਣ ਨਹੀਂ ਕਰਨਗੇ। ਮੇਰੀ ਆਪਣੀ ਸਲਾਹ ਹੈ ਕਿ ਗਾਂਧੀ ਜੀ ਨੂੰ ਦਲਿਤਾਂ ਨੂੰ ਇਸ ਵਿਸ਼ੇ 'ਤੇ ਆਪਣੀ ਯੋਜਨਾ ਬਣਾਉਣ ਦਾ ਮੌਕਾ ਦੇਣਾ ਚਾਹੀਦਾ ਹੈ। ਕਵਿਤਾ ਕੋਈ ਇਕੱਲੀ ਜਾਂ ਦੁਰਲੱਭ ਘਟਨਾ ਨਹੀਂ ਹੈ ਪਰ ਇਹ ਹਿੰਦੂਆਂ ਦੇ ਪੁਰਖਿਆਂ ਦੇ ਧਰਮ ਦੇ ਕੰਮਕਾਜ ਦਾ ਆਧਾਰ ਹੈ।"

******************

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤ੍ਰਤਾ, ਸਮਾਨਤਾ, ਭਾਈਚਾਰਾ
Rs- 100/month

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

# ਉਹ ਸਮਾਜ ਜੋ ਹਿੰਦੂਆਂ ਬਣਾਇਆ

ਲੜੀ ਵਾਰ ਭਾਗ ਦਸਵਾਂ

ਬਾਬਾ ਸਾਹਿਬ ਡਾ. ਅੰਬੇਡਕਰ

## (ਕੱਲ੍ਹ ਦੇ ਲੇਖ ਦਾ ਬਾਕੀ ਭਾਗ)

ਛੇਕਿਆ ਜਾਣ ਦੇ ਇਹ ਕਾਰਨ ਅਸਿੱਧੇ ਤੌਰ 'ਤੇ ਜਾਤੀ ਦੇ ਨਿਯਮਾਂ ਨੂੰ ਦਰਸਾਉਂਦੇ ਹਨ। ਪਰ ਸਾਰੇ ਨਿਯਮ ਬੁਨਿਆਦੀ ਨਹੀਂ ਹਨ। ਬਹੁਤ ਸਾਰੇ ਨਿਯਮ ਗੈਰ-ਜ਼ਰੂਰੀ ਹਨ। ਜ਼ਰੂਰੀ ਅਤੇ ਬੇਲੋੜੇ ਵਿੱਚ ਅੰਤਰ ਇੱਕ ਹੋਰ ਸਵਾਲ ਦੁਆਰਾ ਕੀਤਾ ਜਾ ਸਕਦਾ ਹੈ। ਯਾਨੀ, ਇੱਕ ਹਿੰਦੂ ਜਿਸਨੂੰ ਜਾਤੀ ਤੋਂ ਕੱਢ ਦਿੱਤਾ ਗਿਆ ਹੈ, ਨੂੰ ਜਾਤੀ ਵਿੱਚ ਕਦੋਂ ਦੁਬਾਰਾ ਸ਼ਾਮਲ ਕੀਤਾ ਜਾ ਸਕਦਾ ਹੈ? ਹਿੰਦੂਆਂ ਵਿੱਚ ਪ੍ਰਾਸਚਿਤ ਦੀ ਇੱਕ ਪ੍ਰਣਾਲੀ ਹੈ। ਜਾਤ ਵਿੱਚੋਂ ਕੱਢੇ ਗਏ ਵਿਅਕਤੀ ਨੂੰ ਪਹਿਲਾਂ ਪ੍ਰਾਸਚਿਤ ਕਰਨਾ ਪੈਂਦਾ ਹੈ, ਉਸ ਤੋਂ ਬਾਅਦ ਹੀ ਉਸਨੂੰ ਜਾਤ ਵਿੱਚ ਦੁਬਾਰਾ ਸ਼ਾਮਲ ਕੀਤਾ ਜਾ ਸਕਦਾ ਹੈ। ਇਹਨਾਂ ਪ੍ਰਾਸਚਿਤਾਂ ਬਾਰੇ ਕੁਝ ਗੱਲਾਂ ਯਾਦ ਰੱਖਣੀਆਂ ਪੈਂਦੀਆਂ ਹਨ। ਸਭ ਤੋਂ ਪਹਿਲਾਂ, ਕੁਝ ਜਾਤ ਨਾਲ ਸਬੰਧਤ ਅਪਰਾਧ ਹਨ ਜਿਨ੍ਹਾਂ ਲਈ ਕੋਈ ਪ੍ਰਾਸਚਿਤ ਨਹੀਂ ਹੈ। ਦੂਜਾ, ਪ੍ਰਾਸਚਿਤ ਅਪਰਾਧ ਦੇ ਅਨੁਸਾਰ ਬਦਲਦਾ ਹੈ। ਕੁਝ ਅਪਰਾਧਾਂ ਵਿੱਚ, ਪ੍ਰਾਸਚਿਤ ਬਹੁਤ ਹਲਕਾ ਜੁਰਮਾਨਾ ਹੁੰਦਾ ਹੈ। ਦੂਜੇ ਅਪਰਾਧਾਂ ਵਿੱਚ, ਸਜ਼ਾ ਬਹੁਤ ਗੰਭੀਰ ਹੋ ਸਕਦੀ ਹੈ।

ਪ੍ਰਾਸਚਿਤ ਦੀ ਮੌਜੂਦਗੀ ਜਾਂ ਗੈਰਹਾਜ਼ਰੀ ਮਹੱਤਵਪੂਰਨ ਹੈ ਅਤੇ ਇਸਨੂੰ ਸਪੱਸ਼ਟ ਤੌਰ 'ਤੇ ਸਮਝਣਾ ਪਵੇਗਾ। ਪ੍ਰਾਸਚਿਤ ਦੀ ਗੈਰਹਾਜ਼ਰੀ ਦਾ ਮਤਲਬ ਇਹ ਨਹੀਂ ਹੈ ਕਿ ਅਪਰਾਧ ਕਰਨ ਲਈ ਕੋਈ ਸਜ਼ਾ ਨਹੀਂ ਹੋਵੇਗੀ। ਇਸਦੇ ਉਲਟ, ਇਸਦਾ ਮਤਲਬ ਹੈ ਕਿ ਅਪਰਾਧ ਮੁਆਫ਼ ਨਹੀਂ ਕੀਤਾ ਜਾ ਸਕਦਾ ਅਤੇ ਅਪਰਾਧੀ ਜਿਸਨੂੰ ਇੱਕ ਵਾਰ ਜਾਤ ਵਿੱਚੋਂ ਕੱਢ ਦਿੱਤਾ ਜਾਂਦਾ ਹੈ, ਉਸਨੂੰ ਦੁਬਾਰਾ ਕਦੇ ਵੀ ਛੁਡਾਇਆ ਨਹੀਂ ਜਾਵੇਗਾ। ਉਸਨੂੰ ਕਦੇ ਵੀ ਜਾਤ ਵਿੱਚ ਦੁਬਾਰਾ ਸ਼ਾਮਲ ਨਹੀਂ ਕੀਤਾ ਜਾਵੇਗਾ। ਪ੍ਰਾਸਚਿਤ ਦਾ ਮਤਲਬ ਹੈ ਕਿ ਅਪਰਾਧ ਮਾਫ਼ ਕਰਨ ਯੋਗ ਹੈ। ਅਪਰਾਧੀ ਤੋਬਾ ਕਰ ਸਕਦਾ ਹੈ ਅਤੇ ਬਾਹਰ ਕੱਢੇ ਗਏ ਨੂੰ ਜਾਤ ਵਿੱਚ ਦੁਬਾਰਾ ਸ਼ਾਮਲ ਕੀਤਾ ਜਾ ਸਕਦਾ ਹੈ।



ਦੋ ਅਪਰਾਧਾਂ ਲਈ ਕੋਈ ਪ੍ਰਾਸਚਿਤ ਨਹੀਂ ਹੈ। ਉਹ ਹਨ: (1) ਹਿੰਦੂ ਧਰਮ ਨੂੰ ਤਿਆਗਣਾ ਅਤੇ ਦੂਜਾ ਧਰਮ ਅਪਣਾਉਣਾ, ਅਤੇ (2) ਕਿਸੇ ਹੋਰ ਜਾਤੀ ਜਾਂ ਧਰਮ ਦੇ ਵਿਅਕਤੀ ਨਾਲ ਵਿਆਹ ਕਰਨਾ। ਸਪੱਸ਼ਟ ਤੌਰ 'ਤੇ, ਜੇਕਰ ਕਿਸੇ ਵਿਅਕਤੀ ਨੂੰ ਇਨ੍ਹਾਂ ਅਪਰਾਧਾਂ ਲਈ ਜਾਤੀ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਉਸਨੂੰ ਹਮੇਸ਼ਾ ਲਈ ਜਾਤੀ ਤੋਂ ਕੱਢ ਦਿੱਤਾ ਜਾਂਦਾ ਹੈ।

ਦੋ ਅਪਰਾਧ ਜਿਨ੍ਹਾਂ ਲਈ ਸਭ ਤੋਂ ਸਖ਼ਤ ਪ੍ਰਾਸਚਿਤ ਨਿਰਧਾਰਤ ਕੀਤਾ ਗਿਆ ਹੈ ਉਹ ਹਨ: (1) ਕਿਸੇ ਹੋਰ ਜਾਤੀ ਦੇ ਵਿਅਕਤੀ ਅਤੇ ਇੱਕ ਗੈਰ-ਹਿੰਦੂ ਨਾਲ ਖਾਣਾ-ਪੀਣਾ, ਅਤੇ (2) ਜਾਤੀ ਦੇ ਕਿੱਤੇ ਤੋਂ ਇਲਾਵਾ ਕੋਈ ਹੋਰ ਕਿੱਤਾ ਅਪਣਾਉਣਾ। ਹੋਰ ਅਪਰਾਧਾਂ ਲਈ ਸਜ਼ਾ ਹਲਕੀ ਹੈ ਜਾਂ ਇਹ ਆਮ ਤੌਰ 'ਤੇ ਨਾਮਾਤਰ ਹੈ।

ਜਾਤੀ ਦੇ ਮੂਲ ਨਿਯਮ ਕੀ ਹਨ ਅਤੇ ਜਾਤੀ ਦਾ ਰੂਪ ਕੀ ਹੈ, ਇਸ ਬੁਝਾਰਤ ਨੂੰ ਹੱਲ ਕਰਨ ਦਾ ਸਭ ਤੋਂ ਪੱਕਾ ਸੁਰਾਗ ਪ੍ਰਾਸਚਿਤ ਨਾਲ ਸਬੰਧਤ ਨਿਯਮਾਂ ਦੁਆਰਾ ਦਿੱਤਾ ਜਾਂਦਾ ਹੈ। ਜਿਨ੍ਹਾਂ ਨਿਯਮਾਂ ਲਈ ਉਲੰਘਣਾ ਲਈ ਕੋਈ ਪ੍ਰਾਸਚਿਤ ਨਹੀਂ ਹੈ, ਉਨ੍ਹਾਂ ਨੂੰ ਜਾਤੀ ਦੀ 'ਆਤਮਾ' ਕਿਹਾ ਜਾ ਸਕਦਾ ਹੈ। ਜਿਨ੍ਹਾਂ ਨਿਯਮਾਂ ਦੀ ਉਲੰਘਣਾ ਲਈ ਸਭ ਤੋਂ ਸਖ਼ਤ ਪ੍ਰਾਸਚਿਤ ਨਿਰਧਾਰਤ ਕੀਤਾ ਗਿਆ ਹੈ, ਉਨ੍ਹਾਂ ਨੂੰ ਜਾਤੀ ਦਾ 'ਸਰੀਰ' ਕਿਹਾ ਜਾ ਸਕਦਾ ਹੈ। ਇਸ ਲਈ, ਬਿਨਾਂ ਕਿਸੇ ਝਿਜਕ ਦੇ ਕਿਹਾ ਜਾ ਸਕਦਾ ਹੈ ਕਿ ਜਾਤੀ ਦੇ ਚਾਰ ਮੂਲ ਨਿਯਮ ਹਨ। ਜਾਤ ਨੂੰ ਇੱਕ ਸਮਾਜਿਕ ਸਮੂਹ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ (1) ਹਿੰਦੂ ਧਰਮ ਵਿੱਚ ਵਿਸ਼ਵਾਸ ਰੱਖਦਾ ਹੈ, ਅਤੇ ਜੋ (2) ਵਿਆਹ, (3) ਖਾਣ-ਪੀਣ, ਅਤੇ (4) ਕਿੱਤੇ ਨਾਲ ਸਬੰਧਤ ਕੁਝ ਨਿਯਮਾਂ ਨਾਲ ਬੱਝਿਆ ਹੋਇਆ ਹੈ। ਇਸ ਵਿੱਚ ਇੱਕ ਹੋਰ ਵਿਸ਼ੇਸ਼ ਵਿਸ਼ੇਸ਼ਤਾ ਜੋੜੀ ਜਾ ਸਕਦੀ ਹੈ, ਉਹ ਹੈ, ਇਹ ਇੱਕ ਸਮਾਜਿਕ ਸਮੂਹ ਹੋਣਾ ਚਾਹੀਦਾ ਹੈ ਜਿਸਦਾ ਇੱਕ ਸਾਂਝਾ ਨਾਮ ਹੋਵੇ।

ਵਿਆਹ ਸੰਬੰਧੀ ਨਿਯਮ ਇਹ ਹੈ ਕਿ ਵਿਆਹ ਸਿਰਫ ਜਾਤੀ ਅੰਦਰ ਹੋਣਾ ਚਾਹੀਦਾ ਹੈ। ਵੱਖ-ਵੱਖ ਜਾਤਾਂ ਵਿਚਕਾਰ ਵਿਆਹ ਨਹੀਂ ਹੋ ਸਕਦੇ। ਇਹ ਸਭ ਤੋਂ ਵੱਡਾ ਅਤੇ ਸਭ ਤੋਂ ਬੁਨਿਆਦੀ ਆਧਾਰ ਹੈ ਜਿਸ 'ਤੇ ਜਾਤ ਦਾ ਪੂਰਾ ਢਾਂਚਾ ਅਤੇ ਢਾਂਚਾ ਟਿਕਿਆ ਹੋਇਆ ਹੈ।

ਭੋਜਨ ਸੰਬੰਧੀ ਨਿਯਮ ਇਹ ਹੈ ਕਿ ਕੋਈ ਵਿਅਕਤੀ ਆਪਣੀ ਜਾਤ ਤੋਂ ਬਾਹਰ ਦੇ ਕਿਸੇ ਵਿਅਕਤੀ ਤੋਂ ਭੋਜਨ ਨਹੀਂ ਲੈ ਸਕਦਾ ਜਾਂ ਉਸ ਨਾਲ ਬੈਠ ਨਹੀਂ ਸਕਦਾ। ਇਸਦਾ ਅਰਥ ਹੈ ਕਿ ਸਿਰਫ਼ ਉਹੀ ਲੋਕ ਇਕੱਠੇ ਬੈਠ ਸਕਦੇ ਹਨ ਅਤੇ ਖਾ ਸਕਦੇ ਹਨ ਜੋ ਇੱਕ ਦੂਜੇ ਨਾਲ ਵਿਆਹ ਨਹੀਂ ਕਰ ਸਕਦੇ। ਜਿਹੜੇ ਇੱਕ ਦੂਜੇ ਨਾਲ ਵਿਆਹ ਨਹੀਂ ਕਰ ਸਕਦੇ ਉਹ ਇਕੱਠੇ ਬੈਠ ਕੇ ਖਾ ਨਹੀਂ ਸਕਦੇ। ਦੂਜੇ ਸ਼ਬਦਾਂ ਵਿੱਚ, ਜਾਤ ਇੱਕ ਅੰਤਰ-ਜਾਤੀ ਇਕਾਈ ਅਤੇ ਇੱਕ ਸੰਪਰਦਾਇਕ ਇਕਾਈ ਦੋਵੇਂ ਹੈ।

ਕਿੱਤੇ ਸੰਬੰਧੀ ਨਿਯਮ ਇਹ ਹੈ ਕਿ ਹਰ ਵਿਅਕਤੀ ਸਿਰਫ਼ ਆਪਣੀ ਜਾਤ ਦਾ ਰਵਾਇਤੀ ਕਿੱਤਾ ਕਰੇਗਾ, ਅਤੇ ਜੇਕਰ ਕਿਸੇ ਜਾਤ ਦਾ ਕੋਈ ਕਿੱਤਾ ਨਹੀਂ ਹੈ ਤਾਂ ਉਸਨੂੰ ਆਪਣੇ ਪਿਤਾ ਦਾ ਕਿੱਤਾ ਕਰਨਾ ਪਵੇਗਾ।

ਜਿੱਥੋਂ ਤੱਕ ਕਿਸੇ ਵਿਅਕਤੀ ਦੀ ਸਮਾਜਿਕ ਸਥਿਤੀ ਦਾ ਸਬੰਧ ਹੈ, ਇਹ ਸਥਿਰ ਅਤੇ ਵਿਰਾਸਤੀ ਹੈ। ਇਹ ਸਥਾਈ ਹੈ, ਕਿਉਂਕਿ ਕਿਸੇ ਵਿਅਕਤੀ ਦੀ ਸਮਾਜਿਕ ਸਥਿਤੀ ਉਸਦੀ ਜਾਤ ਦੀ ਸਮਾਜਿਕ ਸਥਿਤੀ ਦੇ ਅਨੁਸਾਰ ਨਿਰਧਾਰਤ ਹੁੰਦੀ ਹੈ। ਇਹ ਵਿਰਾਸਤੀ ਹੈ, ਕਿਉਂਕਿ ਇੱਕ ਹਿੰਦੂ ਆਪਣੇ ਮਾਪਿਆਂ ਦੀ ਜਾਤ ਨਾਲ ਮੋਹਰ ਲੱਗੀ ਹੋਈ ਹੈ। ਇੱਕ ਹਿੰਦੂ ਆਪਣੀ ਸਮਾਜਿਕ ਸਥਿਤੀ ਨਹੀਂ ਬਦਲ ਸਕਦਾ, ਕਿਉਂਕਿ ਉਹ ਆਪਣੀ ਜਾਤ ਨਹੀਂ ਬਦਲ ਸਕਦਾ। ਇੱਕ ਹਿੰਦੂ ਜਨਮ ਤੋਂ ਹਿੰਦੂ ਹੁੰਦਾ ਹੈ, ਅਤੇ ਮੌਤ ਤੋਂ ਬਾਅਦ ਵੀ ਉਹ ਉਸੇ ਜਾਤ ਦਾ ਹੁੰਦਾ ਹੈ ਜਿਸ ਵਿੱਚ ਉਹ ਪੈਦਾ ਹੋਇਆ ਸੀ। ਜੇਕਰ ਕੋਈ ਹਿੰਦੂ ਆਪਣੀ ਜਾਤ ਗੁਆ ਦਿੰਦਾ ਹੈ, ਤਾਂ ਉਹ ਆਪਣਾ ਸਮਾਜਿਕ ਦਰਜਾ ਗੁਆ ਦਿੰਦਾ ਹੈ। ਉਹ ਇੱਕ ਨਵਾਂ, ਬਿਹਤਰ ਜਾਂ ਵੱਖਰਾ ਸਮਾਜਿਕ ਦਰਜਾ ਪ੍ਰਾਪਤ ਨਹੀਂ ਕਰ ਸਕਦਾ। **ਲੇਖ ਦਾ ਬਾਕੀ ਭਾਗ ਕੱਲ੍ਹ.....**

# ਮੁੱਖ ਦਫਤਰ/ਪੀਐਸਪੀਸੀਐਲ ਦੇ ਬਾਹਰ ਮੁਲਾਜ਼ਮਾਂ ਵੱਲੋ ਰੋਸ਼ ਮੁਜ਼ਾਹਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਪਟਿਆਲਾ (9.7.25) ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤੇ ਅੱਜ ਜਿੱਥੇ ਸਮੁੱਚੇ ਦੇਸ ਅੰਦਰ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ/ ਅਧਿਕਾਰੀਆਂ, ਮਜ਼ਦੂਰਾਂ ਅਤੇ ਕਿਸਾਨਾਂ ਵੱਲੋ ਹੜਤਾਲ ਅਤੇ ਰੋਸ ਪ੍ਰਦਰਸ਼ਨ ਕੀਤੇ ਗਏ, ਉੱਥੇ ਹੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਮੁੱਖ ਦਫਤਰ ਦੇ ਬਾਹਰ ਹੈਡ ਆਫਿਸ ਜੁਆਇੰਟ ਐਕਸ਼ਨ ਕਮੇਟੀ, ਇੰਜੀਨੀਅਰਜ਼ ਐਸ਼ੋਸ਼ੀਏਸ਼ਨ ਅਤੇ ਕੰਟਰੈਕਟ ਵਰਕਰ ਯੂਨੀਅਨ ਵੱਲੋ ਸਾਂਝੇ ਤੌਰ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ । ਜਿਸ ਵਿੱਚ ਵੱਡੀ ਗਿਣਤੀ ਵਿੱਚ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਸਮੂਲੀਅਤ ਕੀਤੀ ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਹੈਡ ਆਫਿਸ ਜੁਆਇੰਟ ਐਕਸ਼ਨ ਕਮੇਟੀ ਦੇ ਪ੍ਰਧਾਨ ਸ੍ਰੀ ਅਵਤਾਰ ਸਿੰਘ ਕੈਂਥ, ਸਕੱਤਰ ਸ੍ਰੀ ਕੁਲਜੀਤ ਸਿੰਘ ਰਟੌਲ, ਪ੍ਰਧਾਨ ਸ੍ਰੀਮਤੀ ਪਰਮਜੀਤ ਕੌਰ ਕੈਂਥ, ਇੰਜੀਨੀਅਰ ਐਸ਼ੋਸ਼ੀਏਸ਼ਨ ਵੱਲੋ ਇੰਜ: ਪਦਮਜੀਤ ਸਿੰਘ ਅਤੇ ਇੰਜ: ਅਜੇਪਾਲ ਸਿੰਘ ਅਟਵਾਲ ਅਤੇ ਕੰਟਰੈਕਟਰ ਵਰਕਰ ਯੂਨੀਅਨ ਵੱਲੋ ਸ੍ਰੀ ਸੰਜੀਵ ਖੱਤਰੀ ਵੱਲੋ ਦੱਸਿਆਂ ਗਿਆ ਕਿ ਕੇਂਦਰ ਸਰਕਾਰ ਵੱਲੋ ਬਿਜਲੀ ਸੋਧ ਬਿੱਲ 2022 ਨੂੰ ਲਾਗੂ ਕਰਨ, ਵੱਖ ਵੱਖ ਵਿਭਾਗਾਂ ਨੂੰ ਪਾ੍ਰਈਵੇਟ ਹੱਥਾਂ ਵਿੱਚ ਦੇਣ ( ਜਿਸ ਵਿੱਚ ਚੰਡੀਗੜ ਬਿਜਲੀ ਨਿਗਮ ਵੀ ਸ਼ਾਮਲ ਹੈ),29 ਲੇਬਰ ਕਾਨੂੰਨਾਂ ਨੂੰ ਤੋੜ ਕੇ 4 ਲੇਬਰ ਕੋਡ ਲਾਗੂ ਕਰਨ, ਕੰਮ ਦੇ ਘੰਟੇ 8 ਤੋ ਵਧਾ ਕੇ 12 ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਅਤੇ ਕੱਚੇ ਕਾਮਿਆਂ ਨੂੰ ਪੱਕੇ ਕਰਵਾਉਣ ਲਈ ਅੱਜ ਸਮੁੱਚੇ ਦੇਸ਼ ਵਿੱਚ ਵੱਖ ਵੱਖ ਵਿਭਾਗਾਂ ਅੰਦਰ ਕੰਮ ਕਰਦੇ ਕਰਮਚਾਰੀਆਂ, ਅਧਿਕਾਰੀਆਂ, ਮਜ਼ਦੂਰਾਂ ਅਤੇ ਕਿਸਾਨਾਂ ਵੱਲੋ ਹੜਤਾਲ ਕੀਤੀ ਗਈ ਅਤੇ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਉਹ ਅਜਿਹੀਆਂ ਲੋਕ ਮਾਰੂ ਅਤੇ ਮੁਲਾਜ਼ਮ ਮਾਰੂ ਨੀਤੀਆਂ ਨੂੰ ਲਾਗੂ ਕਰਨ ਤੇ ਬਾਜ਼ ਆਵੇ ਨਹੀ ਤਾਂ ਸਮੁੱਚੇ ਦੇਸ਼ ਦੇ ਕਿਰਤੀ ਕਾਮੇ ਸੜਕਾਂ ਤੇ ਉਤਰ ਕੇ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ ।

ਅੱਜ ਦੇ ਰੋਸ ਪ੍ਰਦਰਸ਼ਨ ਨੂੰ ਸ੍ਰੀ ਅਵਤਾਰ ਸਿੰਘ ਕੈਂਥ, ਸ੍ਰੀ ਕੁਲਜੀਤ ਸਿੰਘ ਰਟੌਲ, ਇੰਜ: ਪਦਮਜੀਤ ਸਿੰਘ, ਇੰਜ: ਅਜੈਪਾਲ ਸਿੰਘ ਅਟਵਾਲ, ਸ੍ਰੀਮਤੀ ਪਰਮਜੀਤ ਕੌਰ ਕੈਂਥ, ਸ੍ਰੀ ਅਮਿਤ ਕੁਮਾਰ, ਸ੍ਰੀ ਸੰਜੀਵ ਖੱਤਰੀ ਵੱਲੋ ਸੰਬੋਧਿਤ ਕੀਤਾ ਗਿਆ ਅਤੇ ਸਟੇਜ ਦੀ ਭੂਮਿਕਾਂ ਸ੍ਰੀ ਗੁਰਵਿੰਦਰ ਸਿੰਘ ਗੁਰੂ ਵੱਲੋ ਨਿਭਾਈ ਗਈ ।

ਜਾਰੀ ਕਰਤਾ: ਅਵਤਾਰ ਸਿੰਘ ਕੈਂਥ ( 9646106666)

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਹਿਰਾਮ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਬੰਗਾ ਬਹਿਰਾਮ (ਚਰਨਜੀਤ ਸੱਲ੍ਹਾਂ )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ ਜਤਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਬਹਿਰਾਮ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਡਾਕਟਰ ਡੇਅ ਨੂੰ ਸਮਰਪਿਤ ਕੀਤੀ ਜਾਂਦੀ ਹੈ ਅਤੇ ਉਹਨਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਲੋੜਵੰਦ ਮਰੀਜ਼ਾਂ ਨੂੰ ਵਧੀਆ ਅਤੇ ਸਸਤੀ ਸਿਹਤ ਸਹੂਲਤ ਦੇਣ ਅਤੇ ਆਪਣੇ ਕਿੱਤੇ ਨੂੰ ਮਾਨਵ ਸੇਵਾ ਪਰਮੋ ਧਰਮ ਦੇ ਸਿਧਾਂਤ ਤੇ ਚੱਲ ਕੇ ਬਿਨਾਂ ਭੇਦ ਭਾਵ ਮਰੀਜ਼ਾਂ ਦੀਆਂ ਦੁੱਖ ਤਕਲੀਫ਼ਾਂ ਦੂਰ ਕਰਨ ਵਿੱਚ ਯੋਗਦਾਨ ਪਾਉਣ। ਇਸ ਮੌਕੇ ਡਾ ਜਤਿੰਦਰ ਸਹਿਗਲ ਦਾ ਜਨਮਦਿਨ ਕੇਕ ਕੱਟ ਕੇ ਮਨਾਇਆ ਗਿਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਹਾਜਰ ਹੋਏ ਜ਼ਿਲ੍ਹਾ ਪ੍ਰਧਾਨ ਡਾ ਬਲਕਾਰ ਕਟਾਰੀਆ ਨੇ ਜ਼ਿਲ੍ਹਾ ਬਰਨਾਲਾ ਦੇ 4 ਬਲਾਕਾ ਨੂੰ ਐਸੋਸੀਏਸ਼ਨ ਵਿਚ ਸ਼ਾਮਿਲ ਕਰਨ ਤੇ ਪੰਜਾਬ ਪ੍ਰਧਾਨ ਡਾ ਜਸਵਿੰਦਰ ਕਾਲਖ ਦਾ ਧੰਨਵਾਦ ਕੀਤਾ ਅਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਅਜੇ ਵੀ ਐਸੋਸੀਏਸ਼ਨ ਦੇ ਬਿਨਾਂ ਕੰਮ ਕਰ ਰਹੇ ਹਨ ਉਹ ਵੀ ਜਲਦੀ ਤੋਂ ਜਲਦੀ ਮੈਂਬਰਸ਼ਿਪ ਲੇ ਲੈਣ ਤਾਂ ਜ਼ੋ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਪ੍ਰੈਸ਼ਰ ਪਾਇਆ ਜਾ ਸਕੇ। ਇਸ ਮੌਕੇ ਡਾ ਸੁੱਖਵਿੰਦਰ ਮੰਢਾਲੀ ,ਡਾ ਜਗਦੀਸ਼ ਬੰਗੜ, ਡਾ ਸਤਵਿੰਦਰ ਜੀਤ, ਡਾ ਅਸ਼ੋਕ ਮੁਕੰਦਪੁਰ, ਡਾ ਸੰਜੈ ਕਪਿਲ, ਡਾ ਹਰਦੀਪ , ਡਾ ਜੋਤੀ, ਡਾ ਚਰਨਜੀਤ ਭਰੋ ਮਜਾਰਾ, ਡਾ ਹੁਸਨ ਲਾਲ, ਡਾ ਰਵੀ, ਡਾ ਰਛਪਾਲ ਗੁਲਾਬਗੜੀਆ, ਡਾ ਰਛਪਾਲ ਭੱਟੀ, ਡਾ ਅਬਦੁਲ, ਡਾ ਪਰਮਜੀਤ, ਡਾ ਵਿਕੀ , ਡਾ ਉੱਤਮਪਾਲ ,ਡਾ ਵਿਜੈ ਮੇਹਲੀ, ਡਾ ਬਲਕਾਰ ਚੱਕ ਬਿਲਗਾ, ਡਾ ਸੋਮ ਲਾਲ ਆਦਿ ਡਾਕਟਰ ਸ਼ਾਮਿਲ ਹੋਏ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧਰਮ ਗ੍ਰੰਥਾਂ, ਧਾਰਮਿਕ ਸਥਾਨਾਂ ਦੇ ਨਾਲ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੀ ਬੇਅਦਬੀ ਲਈ ਬਿਲ ਵੀ ਲਿਆਵੇ ਸਰਕਾਰ

**ਪੰਜਾਬ ਸਰਕਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧਰਮ ਗ੍ਰੰਥਾਂ, ਧਾਰਮਿਕ ਸਥਾਨਾਂ ਅਤੇ ਡਾਕਟਰ ਅੰਬੇਡਕਰ ਜੀ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੀ ਬੇਅਦਬੀ ਲਈ ਜਿੰਮੇਵਾਰ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਕਰਨੇ ਲਈ ਅਸੰਬਲੀ ਵਿੱਚ ਦੋ ਅਲੱਗ ਅਲੱਗ ਬਿੱਲ ਲਿਆਵੇ- ਕਰੀਮਪੁਰੀ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਜਲੰਧਰ( ਚਰਨਜੀਤ ਸੱਲ੍ਹਾ)-ਪੰਜਾਬ ਸਰਕਾਰ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜਿੰਮੇਵਾਰ ਦੋਸ਼ੀਆਂ ਨੂੰ ਸਾਢੇ ਤਿੰਨ ਸਾਲ ਤੱਕ ਸਜ਼ਾ ਨਾ ਦੇ ਸਕਣਾ ਪੰਜਾਬੀਆਂ ਨਨਾਲ ਧੋਖਾ ਸਰਦਾਰ ਅਵਤਾਰ ਸਿੰਘ ਕਰੀਮਪੁਰੀ-ਇਹ ਸ਼ਬਦ ਕਹੇ ਅਗੇ ਵੀ ਕਿਹਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਬਿਲ ਲਿਆਉਣ ਦਾ ਸਰਕਾਰ ਵੱਲੋਂ ਜੋ ਐਲਾਨ ਕੀਤਾ ਗਿਆ ਇਸ ਵਿੱਚ ਕਿਸੇ ਕਿਸਮ ਦੀ ਕੋਈ ਇਮਾਨਦਾਰੀ ਤਾਂ ਨਜ਼ਰ ਨਹੀਂ ਆਉਂਦੀ ਪਰੰਤੂ ਫਿਰ ਵੀ ਅਗਰ ਬਿੱਲ ਸਰਕਾਰ ਲਿਆ ਰਹੀ ਹੈ ਤਾਂ ਸਾਡੀ ਸਰਕਾਰ ਨੂੰ ਸਲਾਹ ਹੈ ਕਿ ਡਾਕਟਰ ਅੰਬੇਡਕਰ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਦੇ ਲਈ ਵੀ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਲਈ ਸਰਕਾਰ ਦੋ ਬਿੱਲ ਲੈ ਕੇ ਆਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਲਈ ਅਲੱਗ ਬਿੱਲ ਡਾਕਟਰ ਅੰਬੇਡਕਰ ਅਤੇ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੀ ਬੇਅਦਬੀ ਨੂੰ ਰੋਕਣ ਲਈ ਦੂਸਰਾ ਬਿੱਲ ਤਾਂਕਿ ਆਉਣ ਵਾਲੇ ਸਮੇਂ ਦੇ ਵਿੱਚ ਡਾਕਟਰ ਅੰਬੇਡਕਰ ਜੀ ਅਤੇ ਬਹੁਜਨ ਸਮਾਜ ਦੇ



ਮਹਾਂਪੁਰਸ਼ਾਂ ਦੀਆਂ ਬੇਅਦਬੀ ਲਈ ਜਿੰਮੇਵਾਰ ਦੋਸ਼ੀਆਂ ਲਈ ਵੀ ਸਖਤ ਸਜ਼ਾ ਦਾ ਪ੍ਰਬੰਧ ਕੀਤਾ ਜਾ ਸਕੇ

# ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਖੇ ਜ਼ਿਲ੍ਹਾ ਪੁਲੀਸ ਵੱਲੋ ਪਾਸਕੋ ਐਕਟ 2012 ਅਤੇ ਟਰੈਫਿਕ ਜਾਗਰੁਕਤਾ ਸੈਮੀਨਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਫੋਟੋ ਕੈਪਸ਼ਨ : ਢਾਹਾਂ ਕਲੇਰਾਂ ਸਕੂਲ ਵਿਖੇ ਮੌਕੇ ਐਸ ਆਈ ਮਨਜੀਤ ਕੌਰ ਇੰਚਾਰਜ ਵੂਮੈਨ ਸੈੱਲ ਅਤੇ ਪੁਲੀਸ ਦਾ ਸਨਮਾਨ ਕਰਨ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਅਤੇ ਪ੍ਰਿੰਸੀਪਲ ਵਨੀਤਾ ਚੋਟ

ਬੰਗਾ 09 ਜੁਲਾਈ (ਚਰਨਜੀਤ ਸੱਲ੍ਹਾਂ) ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਖੇ ਵੂਮੈਨ ਸੈੱਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲੀਸ ਅਤੇ ਟਰੈਫਿਕ ਐਜ਼ੂਕੇਸ਼ਨਲ ਸੈੱਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲੀਸ ਵੱਲੋ ਪੋਕਸੋ ਐਕਟ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਅਫੈਂਸਿਸ ਐਕਟ) ਅਤੇ ਟਰੈਫਿਕ ਸਬੰਧੀ ਜਾਣਕਾਰੀ ਦੇਣ ਹਿੱਤ ਸਕੂਲ ਵਿਦਿਆਰਥੀਆਂ ਨੂੰ ਲਈ ਜਾਗਰੁਕਤਾ ਸੈਮੀਨਾਰ ਦਾ ਆਯੋਜਿਨ ਕੀਤਾ ਗਿਆ। ਇਸ ਮੌਕੇ ਸਬ-ਇੰਸਪੈਕਟਰ ਮਨਜੀਤ ਕੌਰ ਇੰਚਾਰਜ ਵੂਮੈਨ ਸੈੱਲ ਨੇ ਦੱਸਿਆ ਕਿ ਸਾਲ 2012 ਵਿਚ ਜਿਨਸੀ ਸ਼ੋਸ਼ਣ ਵਰਗੇ ਅਪਰਾਧਾਂ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਪੋਕਸੋ ਐਕਟ ਬਣਾਇਆ ਗਿਆ ਸੀ । ਇਸ ਕਾਨੂੰਨ ਜ਼ਰੀਏ ਨਾਬਾਲਗ ਬੱਚਿਆਂ ਨਾਲ ਹੋਣ ਵਾਲੇ ਜਿਨਸੀ ਅਪਰਾਧਾਂ ਅਤੇ ਛੇੜਛਾੜ ਦੇ ਮਾਮਲਿਆਂ 'ਚ ਸਖਤ ਕਾਰਵਾਈ ਕੀਤੀ ਜਾਂਦੀ ਹੈ । ਉਹਨਾਂ ਦੱਸਿਆ ਕਿ ਬੱਚਿਆਂ ਨਾਲ ਜਬਰ ਜਨਾਹ ਕਰਨ ਵਾਲਿਆਂ ਨੂੰ ਪੋਕਸੋ ਐਕਟ ਤਹਿਤ ਮੌਤ ਦੀ ਸਜ਼ਾ ਦੇਣ ਦਾ ਵੀ ਕਾਨੂੰਨ ਹੈ। ਇਸ ਮੌਕੇ ਏ.ਐਸ.ਆਈ. ਪ੍ਰਵੀਨ ਕੁਮਾਰ ਇੰਚਾਰਜ ਟਰੈਫਿਕ ਐਜ਼ੂਕੇਸ਼ਨਲ ਸੈੱਲ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ । ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲੀਸ ਦੇ ਐਸ.ਐਸ. ਪੀ. ਡਾ. ਮਹਿਤਾਬ ਸਿੰਘ ਦੇ ਦਿਸ਼ਾਂ ਨਿਰਦੇਸ਼ਾਂ 'ਤੇ ਸਕੂਲ ਵਿਖੇ ਪੁੱਜੇ ਵਿਸ਼ਾ ਮਾਹਿਰਾਂ ਦਾ ਪੋਕਸੋ ਐਕਟ-2012 ਅਤੇ ਟਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਲਈ ਸਕੂਲ ਵਿਦਿਆਰਥੀ ਵਾਸਤੇ ਸੈਮੀਨਾਰ ਲਗਾਉਣ ਲਈ ਹਾਰਦਿਕ ਧੰਨਵਾਦ ਕੀਤਾ । ਸੈਮੀਨਾਰ ਦੌਰਾਨ ਸਕੂਲ ਪ੍ਰਿੰਸੀਪਲ ਵਨੀਤਾ ਚੋਟ, ਏ.ਐਸ.ਆਈ. ਬਲਵਿੰਦਰ ਕੌਰ ਅਤੇ ਏ.ਐਸ. ਆਈ. ਜਸਵਿੰਦਰ ਸਿੰਘ ਟਰੈਫਿਕ ਇੰਚਾਰਜ ਬੰਗਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਪੋਕਸੋ ਐਕਟ-2012, ਟਰੈਫਿਕ ਨਿਯਮਾਂ, ਵਾਤਾਵਰਣ ਦੀ ਸੰਭਾਲ ਅਤੇ ਸਮਾਜ ਵਿਚ ਨਸ਼ਿਆਂ ਦੀ ਰੋਕਥਾਮ ਸਬੰਧੀ ਵਿਚਾਰ ਪੇਸ਼ ਕੀਤੇ । ਇਸ ਮੌਕੇ ਪੁਲੀਸ ਟੀਮ ਦਾ ਸਨਮਾਨ ਵੀ ਕੀਤਾ ਗਿਆ । ਸੈਮੀਨਾਰ ਵਿਚ ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਹੈੱਡ ਕਾਂਸਟੇਬਲ ਅਨੀਤਾ ਬੈਂਸ, ਹੈੱਡ ਕਾਂਸਟੇਬਲ ਰੀਨਾ ਰਾਣੀ, ਮੈਡਮ ਪਰਮਜੀਤ ਕੌਰ ਵੀ ਹਾਜ਼ਰ ਸਨ । ਸ੍ਰੀ ਰਮਨ ਕੁਮਾਰ ਵਾਈਸ ਪ੍ਰਿੰਸੀਪਲ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ।

# ਅੱਜ ਮਿਤੀ 9 ਜੁਲਾਈ 2025 ਨੂੰ ਟਰੇਡ ਯੂਨੀਅਨ ਦੇ ਸੱਦੇ ਤੇ ਡਿਵੀਜ਼ਨ ਬੰਗਾ ਦੇ ਮੁਲਾਜ਼ਮਾਂ ਵੱਲੋਂ ਹੜਤਾਲ ਕੀਤੀ ਗਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )ਅੱਜ ਮਿਤੀ 9 ਜੁਲਾਈ 2025 ਨੂੰ ਟਰੇਡ ਯੂਨੀਅਨ ਦੇ ਸੱਦੇ ਤੇ ਡਿਵੀਜ਼ਨ ਬੰਗਾ ਦੇ ਮੁਲਾਜ਼ਮਾਂ ਸਾਥੀਆਂ ਵੱਲੋਂ ਹੜਤਾਲ ਕੀਤੀ ਗਈ ਅਤੇ ਸਾਂਝੇ ਤੌਰ ਤੇ ਕਿਸਾਨ ਆਗੂਆਂ ਤੇ ਮੁਲਾਜ਼ਮ ਸਾਥੀਆਂ ਵੱਲੋਂ ਰੋਸ ਰੈਲੀ ਕੀਤੀ ਗਈ ਜਿਸ ਵਿੱਚ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਬੁਲਾਰਿਆਂ ਵੱਲੋਂ ਕਿਹਾ ਗਿਆ ਕਿ ਕਿਵੇਂ ਸਰਕਾਰ ਆਪਣੀਆਂ ਚਾਲਾਂ ਰਾਹੀਂ ਕਾਲੇ ਕਾਨੂੰਨਾਂ ਨੂੰ ਲਾਗੂ ਕਰਕੇ ਮੁਲਾਜ਼ਮਾ ਮਜ਼ਦੂਰਾਂ ਕਿਸਾਨਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਠੇਕੇਦਾਰੀ ਸਿਸਟਮ ਨੂੰ ਵਧਾਇਆ ਜਾ ਰਿਹਾ ਹੈ ਆਮ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਮੁਲਾਜ਼ਮਾਂ ਦੇ ਮਸਲੇ ਚਾਹੇ ਉਹ ਡੀਏ ਚਾਹੇ ਉਹ ਪੱਕੀ ਭਰਤੀ ਚਾਹੇ ਉਹ ਠੇਕੇਦਾਰੀ ਸਿਸਟਮ ਨੂੰ ਬੰਦ ਕਰਨਾ ਉਸ ਨੂੰ ਨਹੀਂ ਰੋਕਿਆ ਜਾ ਰਿਹਾ। ਕੱਚੇ ਕਾਮਿਆਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ ਪੁਰਾਣੀ ਪੈਨਸ਼ਨ ਲਾਗੂ ਨਹੀਂ ਕੀਤੀ ਜਾ ਰਹੀ ਮੰਗੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਜੇਕਰ ਸਰਕਾਰ ਆਪਣੀਆਂ ਇਹਨਾਂ ਨਿਕੰਮੀਆਂ ਚਾਲਾਂ ਨੂੰ ਬੰਦ ਕਰਕੇ ਮੁਲਾਜ਼ਮਾਂ ਪ੍ਰਤੀ ਮੰਗਾਂ ਨੂੰ ਨਹੀਂ ਮੰਨਦੀ ਤਾਂ ਆਉਣ ਵਾਲੇ ਸਮੇਂ ਵਿੱਚ ਜੋ ਵੀ ਜਥੇਬੰਦੀਆਂ ਦੇ ਸੰਘਰਸ਼ ਹੋਣਗੇ ਮੁਲਾਜਮ ਆਗੂ ਵੱਧ ਚੜ ਕੇ ਹਿੱਸਾ ਲੈਣਗੇ ਅਤੇ ਜੇ ਕੋਈ ਮੁਲਾਜਮ ਦਾ ਜਾਂ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਹੋਵੇਗਾ ਉਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਰੈਲੀ ਵਿੱਚ ਸ਼ਾਮਿਲ ਬੁਲਾਰੇ ਸਾਥੀ ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਜੇ ਈ ਸਿਟੀ,ਨੰਦ ਲਾਲ, ਅੰਤ ਵਿਚ ਰਾਮ ਲੁਭਾਇਆ ਸਾਬਕਾ ਵਿੱਤ ਸਕੱਤਰ ਟੀ ਐਸ ਯੂ ਪੰਜਾਬ ਆਦਿ ਨੇ ਵਿਚਾਰ ਪੇਸ਼ ਕੀਤ ਅਤੇ ਰੈਲੀ ਨੂੰ ਸਮਾਪਤ ਕੀਤਾ ਅਤੇ ਸਟੇਜ ਦੀ ਕਾਰਵਾਈ ਸੁਰਿੰਦਰ ਪਾਲ ਵੱਲੋਂ ਨਿਭਾਈ ਗਈ,ਵੱਡੀ ਗਿਣਤੀ ਵਿਚ ਸਾਥੀ ਸ਼ਾਮਲ ਹੋਏ।

# ਨਗਰ ਨਿਗਮ ਹੁਸ਼ਿਆਰਪੁਰ ਵਿਚ ਸਟਾਫ ਦੀ ਘਾਟ ਦਾ ਲੇਬਰ ਪਾਰਟੀ ਦੇ ਪ੍ਰਧਾਨ ਨੇ ਕੀਤਾ ਖੁਲਾਸਾ

## ਕੁਲ 1011 ਪੋਸਟਾਂ ਵਿਚੋਂ 493 ਅਸਾਮੀਆਂ ਖਾਲੀ

"Equality and justice"
Patiala 09 July
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਨਗਰ ਨਿਗਮ ਇਕ ਸ਼ਹਿਰੀ ਲੋਕਾਂ ਨੂੰ ਬੁਨਿਆਦੀ ਸਹੂਲਤਾ ਮੁਹੱਈਆ ਕਰਵਾਉਣ, ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ, ਸਾਫ ਸਫਾਈ ਦਾ ਪ੍ਰਬੰਧ ਕਰਨ, ਚੰਗੀਆਂ ਸਿਹਤ ਸਹੂਲਤਾਂ ਦੇਣ ਅਤੇ ਮਹੱਤਵ ਪੂਰਨ ਇਨਫਰਾ ਸਟਰਕਚਰ ਮੁਹੱਈਆ ਕਰਵਾਉਣ ਵਾਲੀ ਸਾਰੇ ਸਾਰਥਕ ਪ੍ਰਬੰਧਾ ਨਾਲ ਲੈਸ ਇਕ ਮਹੱਤਵ ਪੂਰਨ ਸੰਸਥਾ ਹੈ। ਸੰਸਥਾ ਦੇ ਕਰਮਚਾਰੀ, ਮੁਲਾਜਮ ਅਤੇ ਪੜ੍ਹੇ ਲਿਖੇ ਅਧਿਕਾਰੀ ਉਸ ਦਾ ਇਕ ਅੰਗ ਹਨ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਦਾ ਅਧਿਕਾਰ ਐਕਟ ਦੁਆਰਾ ਅਪਾਹਜ ਹੋਈ ਵਿਵਸਥਾ ਵਾਲੀ ਨਗਰ ਨਿਗਮ ਹੁਸ਼ਿਆਪੁਰ ਅੰਦਰ ਖੁਲਾਸਾ ਕਰਦਿਆਂ ਦੱਸਿਆ ਕਿ ਡੀਗਾਂ ਤਾਂ ਵੱਡੀਆਂ ਵੱਡੀਆਂ ਮਾਰੀਆਂ ਜਾ ਰਹੀਆਂ ਹਨ। ਪਰ ਆਪ ਦੀ ਸਰਕਾਰ ਵ੍ਹੀਲ ਚੈਅਰ ਉਤੇ ਹਟਕੋਰੇ ਮਾਰ ਰਹੀ ਹੈ ਤੇ ਦੁਸਰਿਆਂ ਨੂੰ ਵਿਵਸਥਾ ਦੇਣ ਦੀਆਂ ਗੱਲਾਂ ਕਰ ਰਹੀ ਹੈ ਇਸ ਦੀ ਸਖਤ ਸ਼ਬਦਾ ਵਿਚ ਨਿੰਦਾ ਕਰਦਿਆਂ ਉਹਨਾਂ ਕਿਹਾ ਕਿ ਜੋ ਆਪ ਅਪਾਹਜ ਹੋਵੇ ਤੇ ਦੂਸਰਿਆਂ ਨੂੰ ਕਿਸ ਤਰ੍ਹਾਂ ਸਹਾਰਾ ਦਿੱਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਅੰਦਰ ਕੁੱਲ ਅਸਾਮੀਆਂ 1011 ਵਿਚੋਂ 493 ਅਸਾਮੀਆਂ ਸਾਰੀ ਤਰ੍ਹਾਂ ਦੇ ਸਟਾਫ ਦੀਆਂ ਖਾਲੀ ਰਖੀਆਂ ਗਈਆਂ ਹਨ ਤੇ ਜਿਥੇ ਲਗਭਗ 49 ਪ੍ਰਤੀਸ਼ਤ ਖਾਲੀ ਰੱਖ ਕੇ ਕੀ ਨਤੀਜੇ ਆਉਣਗੇ? ਇਹ ਖਾਲੀ ਅਸਮੀਆਂ ਕਾਰਨ ਹੀ ਸਾਰੇ ਸ਼ਹਿਰ ਅੰਦਰ ਰਹਿ ਰਹੇ ਲੋਕਾਂ ਨੂੰ ਤਾਂ ਹੀ ਤਾਂ ਸਮੇਂ ਸਿਰ ਸੇਵਾਵਾਂ ਨਹੀਂ ਮਿਲ ਰਹੀਆਂ ਤੇ ਟੈਕਸਾਂ ਦੀ ਭਰਮਾਰ ਹੋਣ ਦੇ ਬਾਵਜੂਦ ਵੀ ਪੈਸੇ ਪਤਾ ਨਹੀਂ ਕਿਥੇ ਜਾ ਰਿਹਾ ਹੈ। ਧੀਮਾਨ ਨੇ ਦਸਿਆ ਕਿ ਮਿਉਂਸੀਪਲ ਐਕਟ ਤਾਂ ਹੀ ਤਾਂ ਲਾਗੂ ਨਹੀਂ ਹੋ ਰਿਹਾ। ਅਗਰ ਉਸ ਵਿਚ ਦਰਸਾਈਆਂ ਸਾਰੀਆਂ ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਵਾਉਣੀਆਂ ਹਨ ਤਾਂ ਸਟਾਫ ਦੀ ਗਿਣਤੀ ਪੂਰੀ ਕਰਨੀ ਪਵੇਗੀ।



ਇਨ੍ਹਾਂ ਅਣਗਹਿਲੀਆਂ ਕਾਰਨ ਸ਼ਹਿਰੀ ਲੋਕਾਂ ਦਾ ਜੀਵਨ ਅਨੇਕਾਂ ਮੁਸ਼ਿਕਲਾਂ ਵਿਚ ਫਸਾ ਕੇ ਰਖਿਆ ਗਿਆ ਹੈ ਤਾਂ ਕਿ ਲੋਕ ਨਗਰ ਨਿਗਮ ਦੇ ਕੰਮਾ ਵੱਲ ਧਿਆਨ ਨਾ ਦੇ ਸਕਣ। ਉਨ੍ਹਾਂ ਦਸਿਆ ਕਿ ਜਨਰਲ ਪ੍ਰਸ਼ਾਸ਼ਨ ਸਟਾਫ ਦੀਆਂ ਪ੍ਰਵਾਨਤ ਅਸਾਮੀਆਂ 57 ਤੇ ਉਨ੍ਹਾਂ ਵਿਚੋਂ 27 ਖਾਲੀ ਹਨ ਤੇ ਸਿਰਫ 30 ਭਰੀਆਂ ਹੋਈਆਂ ਹਨ ਤੇ ਉਨ੍ਹਾਂ ਵਿਚੋਂ ਸਕੱਤਰ 1 ਵਿਚੋਂ 1 ਖਾਲੀ, ਡੀ ਸੀ ਐਫ ਏ 1 ਵਿਚੋਂ 1 ਖਾਲੀ, ਲਾਅ ਅਫਸਰ 1 ਵਿਚੋਂ 1 ਖਾਲੀ, ਲੇਖਾਕਾਰ ਗ੍ਰੇਡ—2 ਦੀ 1 ਵਿਚੋਂ 1 ਖਾਲੀ, ਇੰਸਪੈਟਰ—ਸੀਨੀਅਰ ਸਹਾਇਕ 6 ਵਿਚੋਂ 4 ਖਾਲੀ, ਸੀਨੀਅਰ ਸਕੇਲ ਸਟੇਨੋ 1 ਵਿਚੋਂ 1 ਖਾਲੀ, ਕੈਸ਼ੀਅਰ ਕਮ ਅਕਾਊਂਟੈਂਟ 1 ਵਿਚੋਂ 1 ਖਾਲੀ, ਸਟੈਨੋ ਟਾਇਪਿਸਟ 2 ਵਿਚੋਂ 2 ਖਾਲੀ, ਕਲਰਕ ਕਮ—ਕੰਪਿਊਟਰ ਅਪਰੇਟਰ 20 ਵਿਚੋਂ 11 ਖਾਲੀ, ਜੂਨੀਅਰ ਸਕੇਲ ਸਟੈਨੋ 2 ਵਿਚੋਂ 2 ਖਾਲੀ, ਟੈਲੀਫੋਨ ਅਪਰੈਟਰ 1 ਵਿਚੋਂ 1 ਖਾਲੀ ਆਦਿ ਹਨ। ਇੰਜੀਨੀਅਰਿੰਗ ਵਿੰਗ (ਓ ਐਂਡ ਐਮ) ਵਿਚ ਪ੍ਰਾਂਤੀਕਰਨ ਅਤੇ ਗੈਰ ਪ੍ਰਾਂਤੀਕਰਨ ਅਸਾਮੀਆਂ ਜਿਨ੍ਹਾਂ ਵਿਚੋਂ ਨਿਗਰਾਨ ਇੰਜੀਨੀਅਰ (ਓ ਐਂਡ ਐਮ) 1 ਵਿਚੋਂ 1 ਖਾਲੀ, ਸਹਾਇਕ ਕਾਰਪੋਰੇਸ਼ਨ ਇੰਜੀਨੀਅਰ (ਓ ਐਂਡ ਐਮ) 2 ਵਿਚੋਂ 2 ਖਾਲੀ, ਜੂਨੀਅਰ ਇੰਜੀਨੀਅਰ (ਓ ਐਂਡ ਐਮ) 4 ਵਿਚੋਂ 4 ਖਾਲੀ, ਜੂਨੀਅਰ ਇੰਜੀਨੀਅਰ (ਬਿਜਲੀ)1 ਵਿਚੋਂ 1 ਖਾਲੀ, ਜੂਨੀਅਰ ਇੰਜੀਨੀਅਰ (ਬਾਗਬਾਨੀ) 1 ਵਿਚੋਂ 1 ਖਾਲੀ, ਇਲੈਟ੍ਰੀਸ਼ੀਅਨ 2 ਵਿਚੋਂ 1 ਖਾਲੀ, ਇਲੈਕਟ੍ਰੀਕਲ ਇੰਸਪੈਕਟਰ 1 ਵਿਚੋਂ 1 ਖਾਲੀ, ਪਲੰਬਰ 6 ਵਿਚੋਂ 5 ਖਾਲੀ, ਪੰਪ ਅਪਰੇਟਰ 12 ਵਿਚੋਂ 10 ਖਾਲੀ, ਸਹਾਇਕ ਪੰਪ ਓਪਰੈਟਰ 6 ਵਿਚੋਂ 6 ਖਾਲੀ, ਮੀਟਰ ਰੀਡਰ 6 ਵਿਚੋਂ 6 ਖਾਲੀ, ਬਿੱਲ ਡਿਸਟ੍ਰੀਬਿਊਟਰ 5 ਵਿਚੋਂ 5 ਖਾਲੀ, ਫਿੱਟਰ 5 ਵਿਚੋਂ 4 ਖਾਲੀ,ਲਾਇਨਮੈਨ 5 ਵਿਚੋਂ 5 ਖਾਲੀ, ਅਸਿਸਟੈਂਟ ਲਾਇਨਮੈਨ 10 ਵਿਚੋਂ 10 ਖਾਲੀ, ਸੁਪਰਵਾਇਜਰ (ਬਾਗਵਾਨੀ) 2 ਵਿਚੋਂ 2 ਖਾਲੀ, ਹੈਡਮਾਲੀ 1 ਵਿਚੋਂ 1 ਖਾਲੀ, ਮਾਲੀ—ਕਮ—ਬੇਲਦਾਰ 25 ਵਿਚੋਂ 24 ਖਾਲੀ ਆਦਿ। ਇਸ ਵਿੰਗ ਵਿਚ ਕੁਲ 107 ਵਿਚੋਂ 88 ਪੋਸਟਾਂ ਖਾਲੀ (82 ਪ੍ਰੀਤਸ਼ਤ) ਰਖੀਆਂ ਗਈਆਂ ਹਨ। ਇੰਜੀਨੀਅਰਿੰਗ ਵਿੰਗ (ਬੀ ਐਂਡ ਆਰ) ਪ੍ਰਾਂਤੀਕਰਨ ਅਸਮੀਆਂ ਵਿਚ ਕੁਲ 14 ਅਸਾਮੀਆਂ ਵਿਚੋਂ 6 ਖਾਲੀ ਹਨ।ਗੈਰ ਪ੍ਰਾਤੀਕਰਨ ਅਸਮੀਆਂ ਵਿਚ ਸਰਵੇਅਰ 2 ਵਿਚੋਂ 2 ਖਾਲੀ, ਵਰਕ ਸੁਪਰਵਾਈਜਰ 4 ਵਿਚੋਂ 4 ਖਾਲੀ, ਮੈਸਨ 5 ਵਿਚੋਂ 5 ਖਾਲੀ, ਕਾਰਪੈਂਟਰ 1 ਵਿਚੋਂ 1 ਖਾਲੀ, ਮੇਟ 5 ਵਿਚੋਂ 5 ਖਾਲੀ, ਬੇਲਦਾਰ 10 ਵਿਚੋਂ 7 ਖਾਲੀ, ਡਰਾਈਵਰ (ਹੈਵੀ ਵਹੀਕਲ) 1 ਵਿਚੋਂ 1 ਖਾਲੀ ਆਦਿ ਰਖੀਆਂ ਹੋਈਆਂ ਹਨ। ਇਸ ਵਿੰਗ ਵਿਚ 47 ਵਿਚੋਂ ਕੁਲ 31 ਖਾਲੀ ਹਨ। ਟਾਊਨ ਪਲੈਨਿੰਗ ਵਿੰਗ ਵਿਚ ਸਹਾਇਕ ਟਾਊਨ ਪਲਾਨਰ 2 ਵਿਚੋਂ 1 ਖਾਲੀ, ਡਰਾਫਟਮੈਨ 4 ਵਿਚੋਂ 2 ਖਾਲੀ, ਬਿੱਲਡਿੰਗ ਇੰਨਸਪੈਕਟਰ 5 ਵਿਚੋਂ 1 ਖਾਲੀ, ਕਾਨੂੰਗੋ—ਪਟਵਾਰੀ 1 ਵਿਚੋਂ 1 ਖਾਲੀ ਆਦਿ ਹਨ। ਸੈਨੀਟੇਸ਼ਨ ਐਂਡ ਹੈਲਥ ਵਿੱਚ ਪ੍ਰਾਂਤੀਕਰਨ ਅਤੇ ਗੈਰ ਪ੍ਰਾਤੀਕਰਨ ਅਸਾਮੀਆਂ ਵਿਚ ਕਾ ਮੇਡੀਕਲ ਹੈਲਥ ਅਫਸਰ 1 ਵਿਚੋਂ 1 ਖਾਲੀ, ਕਾ ਸਹਾਇਕ ਮੇਡੀਕਲ ਹੈਲਥ ਅਫਸਰ 1 ਵਿਚੋਂ 1 ਖਾਲੀ, ਕਾ ਸੈਨੀਟੇਸ਼ਨ ਅਫਸਰ 1 ਵਿਚੋਂ 1 ਖਾਲੀ, ਚੀਫ ਸੈਨੀਟੇਸ਼ਨ ਇੰਨਸਪੈਟਰ 3 ਵਿਚੋਂ 3 ਖਾਲੀ, ਸੈਨੀਟਰੀ ਇੰਸਪੈਕਟਰ 6 ਵਿਚੋਂ 3 ਖਾਲੀ, ਸਫਾਈ ਸੇਵਕ 600 (ਜਿਨ੍ਹਾਂ ਵਿਚੋਂ 199 ਰੈਗੂਲਰ ਤੇ 193 ਠੇਕੇ ਦੇ ਅਧਾਰ ਤੇ ਹਨ) ਵਿਚੋਂ 208 ਖਾਲੀ ਹਨ। ਸੈਨੀਟਰੀ ਸੁਪਰਵਾਈਜਰ 10 ਵਿਚੋਂ 4 ਖਾਲੀ, ਸੀਵਰ ਸੁਪਰਵਾਈਜਰ 10 ਵਿਚੋਂ 10 ਖਾਲੀ, ਸੇਨੇਟਰੀ ਮੇਟ 10 ਵਿਚੋਂ 2 ਖਾਲੀ, ਸੀਵਰਮੈਨ ਦੀਆਂ ਕੁਲ 70 ਅਸਾਮੀਆਂ ਵਿਚੋਂ ( 1 ਰੈਗੂਲਰ ਤੇ 39 ਠੇਕੇ ਤੇ ਅਧਾਰਤ) ਅਤੇ 30 ਖਾਲੀ ਹਨ। ਫਾਇਰ ਸ਼ਾਖਾ ਵਿਚ ਏ ਡੀ ਐਫ ਓ ਦੀ ਅਸਾਮੀ 1 ਵਿਚੋਂ 1 ਖਾਲੀ, ਐਫ ਐਸ ਓ 2 ਵਿਚੋਂ 1 ਖਾਲੀ, ਐਸ ਐਫ ਓ ਦੀਆਂ 4 ਵਿਚੋਂ 1 ਖਾਲੀ, ਲੀਡਿੰਗ ਫਾਇਰਮੈਨ ਦੀਆਂ ਕੁਲ 24 ਵਿਚੋਂ 22 ਖਾਲੀ, ਫਾਇਰਮੈਨ ਦੀਆਂ 25 ਵਿਚੋਂ 2 3 ਖਾਲੀ, ਫਾਇਰ ਡਰਾਈਵਰ ਦੀਆਂ 15 ਵਿਚੋਂ 11 ਖਾਲੀ ਹਨ। ਐਨਾ ਬੁਰਾ ਹਾਲ ਹੈ ਫਾਇਰ ਸਿਸਟਮ ਦਾ। ਪੁਲਿਸ ਸ਼ਾਖਾ : ਸਹਾਇਕ ਸਬ ਇੰਨਸਪੈਕਟਰ ਦੀ ਅਸਾਮੀ 1 ਵਿਚੋਂ 1 ਖਾਲੀ, ਹਵਾਲਦਾਰ 1 ਵਿਚੋਂ 1 ਖਾਲੀ ਅਤੇ ਸਿਪਾਹੀ ਦੀਆਂ ਕੁਲ 8 ਅਸਾਮੀਆਂ ਵਿਚੋਂ 8 ਹੀ ਖਾਲੀ ਹਨ। ਧੀਮਾਨ ਨੇ ਕਿਹਾ ਕਿ ਇਹ ਹਾਲ ਉਸ ਜ਼ਿਲੇ ਦੀ ਨਗਰ ਨਿਗਮ ਦਾ ਹੈ ਜਿਥੇ ਦੇ ਸਥਾਨਕ ਸਰਕਾਰਾਂ ਦੇ ਮੰਤਰੀ ਖ਼ੁਦ ਹੁਸ਼ਿਆਰਪੁਰ ਸ਼ਹਿਰ ਦੇ ਹਨ। ਜਦੋਂ ਅਪਣੇ ਜ਼ਿਲੇ ਅੰਦਰ ਕੋਈ ਧਿਆਨ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਦਾ ਨੁਕਸਾਨ ਖਾਲੀ ਅਸਾਮੀਆਂ ਕਾਰਨ ਹੁੰਦਾ ਏ ਤੇ ਲਗਾਤਾਰ ਹੋ ਰਿਹਾ ਹੈ।ਇਸੇ ਕਰਕੇ ਕੰਮਾਂ ਵਿਚ ਪਾਰਦਰਸ਼ਤਾ ਅਤੇ ਇਨਸਾਫ ਅਲੋਪ ਹੋ ਰਿਹਾ ਲੋਕ ਦਫਤਰਾਂ ਦੇ ਚਕੱਰ ਤੇ ਚਕੱਰ ਮਾਰ ਰਹੇ ਹਨ।ਸ਼ਿਹਰ ਅੰਦਰ ਲੋਕਾਂ ਦੀ ਜਾਨ ਮਾਲ ਦੀ ਰਖਿਆ ਕਰਨ ਦੀ ਜ਼ੁੰਮੇਵਾਰੀ ਨਗਰ ਨਿਗਮ ਦੀ ਹੈ ਕਿਉਂ ਕਿ ਉਸ ਕੋਲ ਅਪਣਾ ਵੀ ਪੁਲਿਸ ਵਿੰਗ ਹੈ,ਜਿਸ ਵਿਚ 10 ਵਿਚੋਂ 10 ਅਸਾਮੀਆਂ ਖਾਲੀ ਹਨ।ਸਵਾਲ ਇਹ ਪੈਦਾ ਹੁੰਦਾ ਏ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਕੋਣ ਮੁਹਈਆ ਕਰਵਾਏਗਾ ?ਸ਼ਹਿਰ ਅੰਦਰ ਸਾਫ ਤੇ ਸ਼ੁਧ ਵਾਤਾਵਰਣ ਦੇਣਾ ਵੀ ਨਿਗਮ ਦਾ ਕੰਮ ਹੈ।ਕੋਣ ਕਰੇਗਾ ਇਹ ਸਾਰੇ ਪ੍ਰਬੰਧ ?ਅਗਰ ਏਹੀ ਅਣਗਹਿਲੀਆਂ ਜਾਰੀ ਰਹੀਆਂ ਤਾਂ ਵਿਨਾਸ਼ ਪੱਕਾ ਵੇਖਣ ਨੂੰ ਮਿਲੇਗਾ।ਜਿਨਾ ਅਸਾਮੀਆ ਨੂੰ ਖਾਲੀ ਰਖਿਆ ਗਿਆ ਹੈ ਉਹ ਨਗਰ ਨਿਗਮ ਅੰਦਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਉਣ ਵਾਲੇ ਵਿੰਗਾਂ ਦੇ ਮਹੰਤਵ ਪੂਰਨ ਅੰਗ ਹਨ।ਇਸ ਵੱਡੀ ਘਾਟ ਕਾਰਨ ਸ਼ਹਿਰ ਦਾ ਹਰ ਪਾਸਾ ਨਰਕ ਬਣਿਆ ਪਿਆ ਹੈ,ਸੜਕਾਂ ਟੁਟੀਆਂ ਪਈਆਂ ਹਨ,ਬਰਸਾਤ ਦੇ ਦਿਨਾ ਵਿਚ ਸਾਰੇ ਸ਼ਹਿਰ ਦਾ ਗੰਦ ਸੜਕਾਂ ਉਤੇ ਘੁੰਮਦਾ ਆਮ ਵੇਖਿਆ ਜਾ ਸਕਦਾ ਹੈ।ਧੀਮਾਨ ਨੇ ਸ਼ਹਿਰੀ ਲੋਕਾਂ ਨੂੰ ਜਾਗਰੂਕ ਹੋਣ ਦੀ ਅਪੀਲ ਕੀਤੀ ਕਿ ਉਹ ਅਪਣੇ ਮੂਲ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਤੇ ਨਗਰ ਨਿਗਮ ਅੰਦਰ ਸੁਧਾਰ ਲਈ ਅਵਾਜ਼ ਬੁਲੰਦ ਕਰਨ।

# ਕੇਂਦਰ ਤੇ ਸੂਬਾ ਸਰਕਾਰਾਂ ਵਿਰੁੱਧ ਬਿਜਲੀ ਕਾਮਿਆਂ ਦੀ ਇੱਕਜੁੱਟਤਾ ਨੇ ਦੇਸ਼ ਵਿਆਪੀ ਹੜਤਾਲ ਨੂੰ ਬਣਾਇਆ ਸਫਲ

## ਸੁੰਦਰ ਨਗਰ ਡਵੀਜਨ 'ਚ ਪੈਂਸ਼ਨਰਜ ਤੇ ਕੱਚੇ ਕਾਮਿਆਂ ਦੇ ਸਹਿਯੋਗ ਨਾਲ ਏਟਕ ਤੇ ਟੀਐਸਯੂ ਵੱਲੋਂ ਧਰਨਾ

"Equality and justice"
Patiala 09 July
INTERNATIONAL PAPER, 94636 01616
hardipchumber57@gmail.com

ਲੁਧਿਆਣਾ 9 ਜੁਲਾਈ ( ) ਨੈਸ਼ਨਲ ਕੁਆਰਡੀਨੇਸ਼ਨ ਕਮੇਟੀ ਆਫ ਇਲੈਕਟ੍ਰੀਕਲ ਇੰਪਲਾਈਜ਼ ਅਤੇ ਇੰਜੀਨੀਅਰਜ਼ ਵੱਲੋਂ ਦਿੱਤੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਉੱਤੇ ਪਹਿਰਾ ਦਿੰਦਿਆਂ ਬਿਜਲੀ ਨਿਗਮ ਦੇ ਮੁਲਾਜਮਾਂ ਨੇ ਇੱਕਜੁਟਤਾ ਨਾਲ ਸਮੂਹਿਕ ਛੁੱਟੀਆਂ ਭਰਕੇ ਜੁਆਇੰਟ ਫੋਰਮ ਤੇ ਬਿਜਲੀ ਏਕਤਾ ਮੰਚ ਦੇ ਝੰਡੇ ਥੱਲੇ ਹੜਤਾਲ 'ਚ ਸ਼ਾਮਿਲ ਹੋ ਕੇ ਇਸਨੂੰ ਸਫਲ ਬਣਾਇਆ। ਸੁੰਦਰ ਨਗਰ ਡਵੀਜਨ 'ਚ ਦੋਵਾਂ ਵੱਡੇ ਧੜਿਆਂ ਦੇ ਸਾਂਝੇ ਧਰਨੇ 'ਚ ਪੈਂਸ਼ਨਰਜ ਅਤੇ ਕੱਚੇ ਕਾਮਿਆਂ ਨੇ ਵੀ ਸ਼ਮੂਲੀਅਤ ਕੀਤੀ। ਟੀਐਸਯੂ ਦੇ ਸੂਬਾ ਜੱਥੇਬੰਦਕ ਸਕੱਤਰ ਐਡੀਸ਼ਨਲ ਐਸਡੀਓ ਰਘਵੀਰ ਸਿੰਘ ਰਾਮਗੜ੍ਹ ਅਤੇ ਪੀਐਸਈਬੀ



ਇੰਪਲਾਈਜ ਫੈਡਰੇਸ਼ਨ ਏਟਕ ਦੇ ਡਵੀਜਨ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਸਾਂਝੀ ਅਗਵਾਈ ਹੇਠ ਹੋਏ ਇਸ ਧਰਨੇ ਪ੍ਰਦਰਸ਼ਨ ਬਾਰੇ ਦੋਵਾਂ ਆਗੂਆਂ ਨੇ ਦੱਸਿਆ ਕਿ ਏਹ ਜਿੱਥੇ ਕੇਂਦਰ ਸਰਕਾਰ ਦੀਆਂ ਮੁਲਾਜਮ ਮਾਰੂ ਨੀਤੀਆਂ ਖਿਲਾਫ ਸੀ ਉੱਥੇ ਹੀ ਮੰਗਾਂ ਮੰਨ ਕੇ ਉਨ੍ਹਾਂ ਨੂੰ ਲਾਗੂ ਕਰਨ ਤੋਂ ਭੱਜੀ ਪੰਜਾਬ ਸਰਕਾਰ ਖਿਲਾਫ ਵੀ ਸੀ। ਉਨ੍ਹਾਂ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਚੰਡੀਗੜ੍ਹ ਬਿਜਲੀ ਵਿਭਾਗ ਨੂੰ ਪ੍ਰਾਈਵੇਟ ਹੱਥਾਂ 'ਚ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਯੂਪੀ ਨੂੰ ਦੇਣ ਦੀ ਤਿਆਰੀ ਕਰ ਲਈ ਹੈ ਤੇ ਅਗਲੀ ਵਾਰੀ ਪੰਜਾਬ ਦੀ ਹੈ। ਇਸ ਦੇ ਰੋਸ ਵਜੋਂ ਸਮੁੱਚਾ ਬਿਜਲੀ ਕਾਮਾ ਛੁੱਟੀ ਭਰਕੇ ਹੜਤਾਲ 'ਚ ਕੁੱਦਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਬਿਜਲੀ ਮੁਲਾਜਮਾਂ ਨਾਲ ਸਬੰਧਿਤ ਮੰਗਾਂ 2 ਜੂਨ ਨੂੰ ਬਿਜਲੀ ਮੰਤਰੀ ਤੇ ਸੀਐਮਡੀ ਸਮੇਤ ਸਮੁੱਚੀ ਮੈਨੇਜਮੈਂਟ ਨੇ ਮੰਨ ਲਈਆਂ ਸਨ ਪਰ ਉਨ੍ਹਾਂ ਦਾ ਨੋਟੀਫਿਕੇਸ਼ਨ ਜਾਰੀ ਨਾ ਕਰਨ ਦੇ ਚੱਲਦਿਆਂ ਬਿਜਲੀ ਬੋਰਡ ਦੇ ਕਾਮੇਂ ਪਹਿਲਾਂ ਹੀ "ਵਰਕ ਟੂ ਰੂਲ" ਤਹਿਤ ਕੰਮ ਕਰਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਜਿਸਦੇ ਅਗਲੇ ਪੜਾਅ ਤਹਿਤ ਜਿੱਥੇ ਜੋਨ, ਸਰਕਲ ਤੇ ਡਵੀਜਨ ਪੱਧਰ ਦੇ ਧਰਨੇ ਮੁਜਾਹਰੇ ਹਨ ਉੱਥੇ ਹੀ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਘੇਰਨ ਦਾ ਸਖਤ ਪ੍ਰੋਗਰਾਮ ਵੀ ਦੇ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਕਰ ਫੇਰ ਵੀ ਪੰਜਾਬ ਸਰਕਾਰ ਜਾਂ ਮੈਨੇਜਮੈਂਟ ਨੇ ਸਾਡੀ ਗੱਲ ਨਾ ਮੰਨੀ ਤਾਂ ਅਗਸਤ ਦੇ ਪਹਿਲੇ ਹਫਤੇ ਤੋਂ "ਕਲਮ ਤੇ ਔਜਾਰ ਛੋੜ" ਸਖਤ ਸੰਘਰਸ਼ ਸ਼ੁਰੂ ਹੋ ਜਾਵੇਗਾ ਜਿਸ ਚੋਂ ਨਿਕਲਣ ਵਾਲੇ ਸਿੱਟਿਆਂ ਲਈ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਜਿੰਮੇਵਾਰ ਹੋਵੇਗੀ। ਪੈਂਸ਼ਨਰਜ ਯੂਨੀਅਨ ਦੇ ਆਗੂ ਕੇਵਲ ਸਿੰਘ ਬਨਵੈਤ ਨੇ ਹੜਤਾਲ ਨੂੰ ਸਫਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਕੱਚੇ ਕਾਮਿਆਂ ਨੂੰ ਪੱਕਾ ਕਰਨ ਅਤੇ ਪੁਰਾਣੈ ਪੈਂਸ਼ਨ ਨੂੰ ਬਹਾਲ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਧਰਮਿੰਦਰ, ਗੌਰਵ ਕੁਮਾਰ, ਇੰਜ ਜਗਤਾਰ ਸਿੰਘ, ਦੀਪਕ ਕੁਮਾਰ, ਅਵਤਾਰ ਸਿੰਘ (ਪ੍ਰਧਾਨ ਕੱਚੇ ਮੁਲਾਜਮ), ਕਮਲਦੀਪ ਸਿੰਘ, ਕਮਲਜੀਤ ਸਿੰਘ, ਧਰਮਪਾਲ, ਹਿਰਦੇ ਰਾਮ, ਸਰਤਾਜ ਸਿੰਘ, ਕੁਲਵਿੰਦਰ ਸਿੰਘ, ਸ਼ਿਵ ਕੁਮਾਰ, ਜੀਵਨ ਸਿੰਘ, ਜਸਵੀਰ ਸਿੰਘ, ਰਾਮੇਸ਼ ਕੁਮਾਰ, ਰੌਸਨ ਸਿੰਘ ਅਤੇ ਵੱਡੀ ਗਿਣਤੀ ਕੱਚੇ ਕਾਮੇ ਮੌਜੂਦ ਸਨ।

# ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਵੱਖ ਵੱਖ ਮੁਲਾਜਮ ਜੱਥੇਬੰਦੀਆਂ ਨੇ ਤਹਿਸੀਲ ਕੰਪਲੈਕਸ 'ਚ ਦਿੱਤਾ ਰੋਸ ਧਰਨਾ

"Equality and justice"
Patiala 09 July
INTERNATIONAL PAPER, 94636 01616
hardipchumber57@gmail.com

ਫਾਜ਼ਿਲਕਾ 9 ਜੁਲਾਈ (ਮਨੋਜ ਕੁਮਾਰ)ਅੱਜ ਜਲਾਲਾਬਾਦ ਤਹਿਸੀਲ ਕੰਪਲੈਕਸ ਜਲਾਲਾਬਾਦ ਵਿਖੇ ਦੇਸ਼ ਵਿਆਪੀ ਹੜਤਾਲ ਦੇ ਸਮਰਥਨ 'ਚ ਸਾਂਝੇ ਮੋਰਚੇ ਵਲੋਂ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਦੀ ਅਗੁਵਾਈ ਬਲਬੀਰ ਸਿੰਘ ਪੁਆਰ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ, ਸੁਰਿੰਦਰ ਕੁਮਾਰ ਕੰਬੋਜ ਸੂਬਾ ਜਨਰਲ ਸਕੱਤਰ ਗੌਰਮਿੰਟ ਟੀਚਰ ਯੂਨੀਅਨ ਪੰਜਾਬ, ਸ੍ਰੀਮਤੀ ਸਰੋਜ ਰਾਣੀ ਛੱਪੜੀ ਵਾਲਾ ਸੂਬਾ ਪ੍ਰਧਾਨ ਆਂਗਨਵਾੜੀ ਵਰਕਰਜ਼ ਹੈਲਪਰਜ ਯੂਨੀਅਨ, ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ( ਰਜਿ:) ਏਟਕ ਦੇ ਸੂਬਾ ਮੀਤ ਸਕੱਤਰ



ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਕਾਮਰੇਡ ਨੱਥਾ ਸਿੰਘ ਸੂਬਾ ਆਗੂ ਕੁਲ ਹਿੰਦ ਮਜਦੂਰ ਯੂਨੀਅਨ ਨੇ ਕੀਤੀ। ਇਸ ਰੋਸ ਧਰਨੇ ਵਿੱਚ ਸ਼ਾਮਲ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰਜ, ਕਿਸਾਨ, ਮਜਦੂਰ ਮਾਰੂ ਨੀਤੀਆਂ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਧਰਨੇ ਨੂੰ ਸੰਬੋਧਿਤ ਕਰਦਿਆ ਨਿਰਮਲਜੀਤ ਸਿੰਘ ਬਰਾੜ, ਨੱਥਾ ਸਿੰਘ, ਸਰੋਜ ਛੱਪੜੀਵਾਲਾ, ਦੇਸ ਰਾਜ ਗਾਂਧੀ, ਦੁਨੀ ਚੰਦ ਬੱਤਰਾ, ਪ੍ਰੇਮ ਪ੍ਰਕਾਸ਼ ਕਾਨੂੰਗੋ, ਸੁਭਾਸ਼ ਮਦਾਨ, ਗੁਰਮੀਤ ਸਿੰਘ ਸੀ.ਮੀਤ ਪ੍ਰਧਾਨ ਭਾਕਿਯੂ ਏਕਤਾ ਉਗਰਾਹ, ਡਾ.ਪ੍ਰਕਾਸ਼ ਦੋਸ਼ੀ, ਸਤੀਸ਼ ਚਰਾਇਆ, ਕ੍ਰਿਸ਼ਨ ਬਲਦੇਵ ਵਾਟਰ ਸਪਲਾਈ, ਛੁੰਮਣ ਸਿੰਘ ਕਾਠਗੜ੍ਹ, ਸੁਨੀਲ ਕੌਰ ਬੇਦੀ, ਦਰਸ਼ਨ ਭੁੱਲਰ, ਸੁਖਚੈਨ ਸਿੰਘ, ਦਰਸ਼ਨ ਸਿੰਘ ਭੁੱਲਰ, ਮਦਨ ਲਾਲ ਕਿੱਕਰ ਖੇੜਾ, ਪ੍ਰਵੇਸ਼ ਖੰਨਾ, ਰਾਜ ਕੁਮਾਰ, ਰਾਜ ਕੁਮਾਰ ਮਾਹਮੂ ਜੋਈਆ, ਹਰਭਜਨ ਸਿੰਘ ਠਠੇਰਾ, ਨਰਿੰਦਰ ਖੁੰਗਰ, ਪਰਮਜੀਤ ਸਿੰਘ ਸੋਹਣਾ ਸਾਂਦੜ, ਅਰਜਨ ਸਿੰਘ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਅੰਲੋਚਨਾ ਕੀਤੀ ਅਤੇ ਸਮੂਹ ਮੰਗਾਂ ਮਸਲਿਆ ਦਾ ਹੱਲ ਤੁਰੰਤ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਸਟੇਜ ਦੀ ਕਾਰਵਾਈ ਪ੍ਰਵੇਸ਼ ਖੰਨਾ ਨੇ ਬਾਖੂਬੀ ਨਿਭਾਈ। ਧਰਨੇ ਦੇ ਅੰਤ ਵਿੱਚ ਬਲਬੀਰ ਸਿੰਘ ਪੁਆਰ ਨੇ ਸਾਰੀਆਂ ਜੱਥੇਬੰਦੀਆਂ ਨੂੰ ਇਕ ਸਾਂਝੀ ਕੋਆਰਡੀਨੇਸ਼ਨ ਕਮੇਟੀ ਬਣਾਉਣ ਦੀ ਅਪੀਲ ਕੀਤੀ ਅਤੇ ਆਏ ਹੋਏ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ। ਅਧਿਆਪਕ ਆਗੂ ਸੁਰਿੰਦਰ ਕੰਬੋਜ ਅਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਕਿਸਾਨਾਂ ਦੀਆਂ ਮੰਦਾਂ ਜਾ ਹੱਲ ਕੀਤਾ ਜਾਵੇ, ਕਿਰਤੀਆਂ ਦੇ ਹੱਕਾਂ ਤੇ ਡਾਕੇ ਮਾਰਨੇ ਬੰਦ ਕੀਤੇ ਜਾਣ, ਸਕੂਲਾਂ ਵਿੱਚ ਖਾਲੀ ਪਈਆਂ ਪੋਸਟਾਂ ਭਰੀਆ ਜਾਣ, ਹਰੇਕ ਵਿਭਾਗ 'ਚ ਸੇਵਾਵਾਂ ਦੇ ਰਹੇ ਹਰ ਕੈਟਾਗਿਰੀ ਦੇ ਕੱਚੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ, ਪੰਜਾਬ ਦੇ ਹਲਾਤ ਸੁਖਾਵੇ ਬਣਾਏ ਜਾਣ।

# ਇਫਟੂ ਅਤੇ ਹੋਰ ਜਥੇਬੰਦੀਆਂ ਨੇ ਹੜਤਾਲ ਕਰਕੇ ਕੀਤੀ ਰੈਲੀ, ਨਵਾਂਸ਼ਹਿਰ ਵਿਚ ਕੀਤਾ ਝੰਡਾ ਮਾਰਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) 10 ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਹੋਰ ਸੰਗਠਨਾਂ ਦੇ ਸਾਂਝੇ ਮੰਚ ਵੱਲੋ ਅੱਜ ਦੇ ਦਿੱਤੇ ਰਾਸ਼ਟਰਵਿਆਪੀ ਹੜਤਾਲ ਦੇ ਸੱਦੇ ਉੱਤੇ ਮਜਦੂਰ, ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਵਲੋਂ ਹੜਤਾਲ ਕਰਕੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕਰਕੇ ਸ਼ਹਿਰ ਵਿਚ ਮੁਜਾਹਰਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜਿਲਾ ਮੀਤ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਜਿਲਾ ਪ੍ਰਧਾਨ ਸ਼ਕੁੰਤਲਾ ਸਰੋਏ,ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ,ਕੌਮੀ ਕਿਸਾਨ ਯੂਨੀਅਨ ਦੇ ਆਗੂ ਨਿਰਮਲ ਸਿੰਘ ਔਜਲਾ,ਜਮਹੂਰੀ ਅਧਿਕਾਰ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ,ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਆਗੂਆਂ ਨੇ ਕਿਹਾ ਕਿ ਅੱਜ ਮਜਦੂਰ ਜਮਾਤ ਸਾਹਮਣੇ




ਵੱਡੀਆਂ ਚਣੌਤੀਆਂ ਹਨ।ਉਹਨਾਂ ਕਿਹਾ ਕਿ ਚਾਰ ਕਿਰਤ ਕੋਡ ਮੋਦੀ ਸਰਕਾਰ ਦਾ ਮਜਦੂਰ ਵਰਗ ਉੱਤੇ ਘਾਤਕ ਹਮਲਾ ਹਨ।ਇਹ ਕਿਰਤ ਕੋਡ ਮਜਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ,ਹੜਤਾਲ ਕਰਨ ਵਰਗੇ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਡਾਕਾ ਹਨ।ਜਿਸਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਲਈ ਕਿਰਤੀ ਵਰਗ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਆਧਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।ਆਗੂਆਂ ਨੇ ਕਿਹਾ ਕਿ ਮਜਦੂਰ ਵਰਗ ਦੇ ਕੰਮ ਸਥਾਨ ਬੇਹੱਦ ਅਸੁਰੱਖਿਅਤ ਹਨ। ਆਗੂਆਂ ਨੇ ਚਾਰ ਲੇਬਰ ਕੋਡ ਰੱਦ ਕਰਨ,ਮੌਜੂਦਾ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ,ਉਦਯੋਗਿਕ ਦੁਰਘਟਨਾਵਾਂ ਨੂੰ ਰੋਕਣ ਲਈ ਪੁਖਤਾ ਸੁਰੱਖਿਆ ਉਪਾਅ ਕਰਨ, ਫੈਕਟਰੀ ਇੰਸਪੈਕਟਰਾਂ ਉੱਤੇ ਸੁਰੱਖਿਆ ਉਲੰਘਣ ਰੋਕਣ 'ਚ ਲਾਪ੍ਰਵਾਹੀ ਵਰਤਣ ਲਈ ਕਾਰਵਾਈ ਕਰਨ,ਜਨਤਕ ਅਦਾਰਿਆਂ ਅਤੇ ਜਾਇਦਾਦਾਂ ਦਾ ਨਿੱਜੀਕਰਨ, ਵਿਕਰੀ, ਪੈਸੇ ਦੀ ਅਦਾਇਗੀ ਨੂੰ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨਵੀਂ ਪੈਨਸ਼ਨ ਸਕੀਮ ਰੱਦ ਕਰਨ,ਆਸ਼ਾ, ਮਿਡ ਡੇ ਮੀਲ, ਆਂਗਣਵਾੜੀ ਅਤੇ ਹੋਰ ਕੇਂਦਰੀ ਸਕੀਮਾਂ ਹੇਠ ਵਰਕਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਅਤੇ ਹੱਕ ਦੇਣ, ਦੇਸ਼ ਭਰ ਵਿੱਚ ਘੱਟੋ-ਘੱਟ ਮਜ਼ਦੂਰੀ 26,000 ਰੁਪਏ ਮਾਸਿਕ ਕਰਨ, ਅਮੀਰਾਂ 'ਤੇ ਵਧੇਰੇ ਟੈਕਸ (ਅਰਬਪਤੀਆਂ 'ਤੇ 4% ਦਾ ਵੈਲਥ ਟੈਕਸ) ਲਗਾਉਣ, ਖੇਤੀਬਾੜੀ ਮਾਰਕੀਟਿੰਗ ਐਕਟ ਵਰਗੇ ਡਰਾਫਟ ਨੂੰ ਰੱਦ ਕਰਨਾ, ਸਮਾਜਿਕ ਸੁਰੱਖਿਆ ਅਤੇ ਰੋਜ਼ਗਾਰ ਦੀ ਗਰੰਟੀ, ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ, ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਐਕਟ) ਲਈ ਫੰਡਿੰਗ ਵਿੱਚ 50% ਵਾਧਾ, ਆਰਥਿਕ ਨੀਤੀਆਂ ਵਿੱਚ ਜਨਤਕ ਨਿਵੇਸ਼ ਨੂੰ ਵਧਾਉਣਾ, ਕਰਮਚਾਰੀਆਂ ਦੀਆਂ ਮਜ਼ਦੂਰੀ ਵਿੱਚ ਵਾਧਾ ਕਰਨਾ, ਜੀ ਐਸ ਟੀ ਵਰਗੇ ਅਪ੍ਰਤੱਖ ਟੈਕਸਾਂ ਦੇ ਬੋਝ ਨੂੰ ਘਟਾਉਣ ਦੀ ਮੰਗ ਕੀਤੀ।ਆਗੂਆਂ ਨੇ ਕਿਹਾ ਕਿ ਇਹ ਹੜਤਾਲ ਮਜ਼ਦੂਰਾਂ, ਕਿਸਾਨਾਂ, ਅਤੇ ਸਮਾਜਿਕ ਸਮੂਹਾਂ ਦੇ ਹੱਕਾਂ ਲਈ ਇੱਕ ਵੱਡੀ ਲੜਾਈ ਦਾ ਹਿੱਸਾ ਹੈ, ਜੋ ਕਿ ਸਰਕਾਰੀ ਨੀਤੀਆਂ ਵਿੱਚ ਬਦਲਾਅ ਦੀ ਮੰਗ ਕਰ ਰਹੀ ਹੈ।ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਸਰਕਾਰੀ ਬੈਂਕਾਂ ਨੂੰ ਕਾਰਪੋਰੇਟਰਾਂ ਦੇ ਭਲਾਈ ਕੇਂਦਰ ਬਣਾ ਕੇ ਰੱਖ ਦਿੱਤਾ ਹੈ।ਮੋਦੀ ਸਰਕਾਰ ਅਤੇ ਇਸ ਪਾਰਟੀ ਦੀਆਂ ਸੂਬਾ ਸਰਕਾਰਾਂ ਕੀਮਤੀ ਕੁਦਰਤੀ ਖਜਾਨਿਆਂ ਨੂੰ ਕੋਰਪੋਰੇਟਰਾਂ ਦੇ ਹੱਥਾਂ ਵਿਚ ਲੁਟਾਉਣ ਲਈ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਕਤਲ ਕੀਤੇ ਜਾ ਰਹੇ ਹਨ, ਆਦਿਵਾਸੀਆਂ ਦਾ ਉਜਾੜਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਅੰਦਰ ਪੁਲਸ ਰਾਜ ਕਾਇਮ ਕਰ ਦਿੱਤਾ ਹੈ।ਸੂਬੇ ਅੰਦਰ ਯੂ.ਪੀ ਦੀ ਤਰਜ ਉੱਤੇ ਘਰਾਂ ਉੱਪਰ ਬੁਲਡੋਜਰ ਚਲਾਏ ਜਾ ਰਹੇ ਹਨ, ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ।ਇੱਥੋਂ ਤੱਕ ਕਿ ਜਥੇਬੰਦੀਆਂ ਨੂੰ ਧਰਨੇ ਮੁਜਾਹਰੇ ਵੀ ਨਹੀਂ ਕਰਨ ਦਿੱਤੇ ਜਾ ਰਹੇ।ਲਾਠੀਚਾਰਜ ਕੀਤੇ ਜਾ ਰਹੇ ਹਨ, ਆਗੂਆਂ ਨੂੰ ਝੂਠੇ ਕੇਸਾਂ ਵਿਚ ਜੇਹਲਾਂ ਅੰਦਰ ਸੁੱਟਿਆ ਜਾ ਰਿਹਾ ਹੈ।ਨਵੀਂ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਦੀਆਂ ਜਮੀਨਾਂ ਧੱਕੇ ਨਾਲ ਖੋਹੀਆਂ ਜਾ ਰਹੀਆਂ ਹਨ।

# ਜ਼ਿਲ੍ਹਾ ਪੱਧਰ ਦਾ ਕਿਸਾਨ ਮੇਲਾ 11 ਜੁਲਾਈ ਨੂੰ - ਡਾ. ਰਕੇਸ਼ ਕੁਮਾਰ ਸ਼ਰਮਾ

## ਖੇਤੀ ਮਾਹਿਰ ਦੇਣਗੇ ਸਾਉਣੀ 2025 ਦੀਆਂ ਫਸਲਾਂ ਬਾਰੇ ਅਹਿਮ ਜਾਣਕਾਰੀਆਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਪੱਧਰ ਦਾ ਕਿਸਾਨ ਮੇਲਾ 11 ਜੁਲਾਈ 2025 ਨੂੰ ਬਜਾਜ ਪੈਲੇਸ, ਬੰਗਾ-ਮੁਕੰਦਪੁਰ ਰੋਡ, ਤਹਿਸੀਲ-ਬੰਗਾ ਵਿਖੇ ਲਗਾਇਆ ਜਾਵੇਗਾ। ਮੁੱਖ ਖੇਤੀਬਾੜੀ ਅਫ਼ਸਰ ਡਾ. ਰਕੇਸ਼ ਕੁਮਾਰ ਸ਼ਰਮਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਕਿਸਾਨ ਮੇਲੇ ਵਿੱਚ ਲਗਭਗ 1300 ਅਗਾਂਹਵਧੂ ਕਿਸਾਨ ਭਾਗ ਲੈਣਗੇ ਜਿੱਥੇ ਸਾਉਣੀ 2025 ਦੀਆਂ ਫਸਲਾਂ ਬਾਰੇ ਖੇਤੀਬਾੜੀ ਵਿਭਾਗ ਅਤੇ ਪੀ.ਏ.ਯੂ. ਲੁਧਿਆਣਾ ਦੇ ਮਾਹਿਰਾਂ ਦੀ ਟੀਮ ਵੱਲੋਂ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰਹਾਉਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਬਲਾਚੌਰ ਤੋਂ ਵਿਧਾਇਕ ਸੰਤੋਸ਼ ਕਟਾਰੀਆ ਵਿਸ਼ੇਸ਼ ਮਹਿਮਾਨ ਹੋਣਗੇ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਕਿਸਾਨ ਮੇਲੇ ਦਾ ਉਦਘਾਟਨ ਕਰਨਗੇ। ਸੰਯੁਕਤ ਡਾਇਰੈਕਟਰ ਖੇਤੀਬਾੜੀ ਇੰਜ: ਜਗਦੀਸ਼ ਸਿੰਘ ਮੇਲੇ ਦੀ ਪ੍ਰਧਾਨਗੀ ਕਰਨਗੇ ਅਤੇ ਕਿਸਾਨਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਖੇਤੀ ਮਾਹਿਰਾਂ ਵੱਲੋਂ ਸਾਉਣੀ ਦੀਆਂ ਫਸਲਾਂ ਦੇ ਬੀਜਣ ਦਾ ਢੰਗ, ਪਾਣੀ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਫਸਲਾਂ ਨੂੰ ਕੀੜਿਆਂ/ਬੀਮਾਰੀਆਂ ਤੋਂ ਬਚਾਉਣ ਲਈ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ। ਖੇਤੀਬਾੜੀ ਨਾਲ



ਸਬੰਧਤ ਨਵੀਆਂ ਤਕਨੀਕਾਂ ਨੂੰ ਦਰਸਾਉਂਦੀਆਂ ਵੱਖ-ਵੱਖ ਵਿਭਾਗਾਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਇਸ ਲਈ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਕੈਂਪ ਵਿੱਚ ਭਾਗ ਲੈ ਕੇ ਖੇਤੀਬਾੜੀ ਸਬੰਧੀ ਤਕਨੀਕੀ ਜਾਣਕਾਰੀ ਹਾਸਲ ਕਰਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ )ਮੈਡੀਕਲ ਪ੍ਰਕੈਟੀਸਨਰ ਬਲਾਕ ਬੰਗਾ ਦੀ ਮੀਟਿੰਗ ਪ੍ਰਧਾਨ ਡਾ ਅੰਮ੍ਰਿਤ ਲਾਲ ਰਾਣਾ ਜੀ ਦੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਸਹੀਦ ਭਾਈ ਮਨੀ



ਸਿੰਘ ਜੀ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਕੀਤੀ ਗਈ ਤੇ ਉਨ੍ਹਾਂ ਦੀਆਂ ਸਿਖਿਆਵਾ ਤੇ ਚੱਲਣ ਦੀ ਅਪੀਲ ਕੀਤੀ ਤੇ ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾ ਨੂੰ ਮੰਨਣ ਦੀ ਪ੍ਰਜ਼ੋਰ ਅਪੀਲ ਕੀਤੀ ਤੇ ਮੰਗਾ ਨਾ ਮੰਨਣ ਤੇ ਤਿੱਖਾ ਸੰਘਰਸ਼ ਕਰਨ ਦੀ ਚਿਤਾਵਨੀ ਦਿੱਤੀ ਅੱਜ ਦੀ ਮੀਟਿੰਗ ਵਿੱਚ ਪ੍ਰਧਾਨ ਡਾ ਅਮ੍ਰਿਤ ਰਾਣਾ ਡਾ ਲੇਖ ਰਾਜ ਡਾ ਸੀਤਾ ਰਾਮ ਡਾ ਅਸੋਕ ਗਾਬਾ ਡਾ ਅਨੂਪਿਦਰ ਸਿੰਘ ਡਾ ਧਰਮ ਪਾਲ ਬੱਗਾ ਡਾ ਸੁਧੀਰ ਕੁਮਾਰ ਡਾ ਬਘੇਲ ਸਿੰਘ ਡਾ ਕੁਲਵਿੰਦਰ ਸਿੰਘ ਡਾ ਗੁਰਦੀਪ ਸਿੰਘ ਡਾ ਪ੍ਰਿੰਸ ਡਾ ਰਤਨ ਸਿੰਘ ਡਾ ਰਣਜੀਤ ਸਿੰਘ ਡਾ ਚਰਨਜੀਤ ਸਿੰਘ ਡਾ ਗੀਤਾ ਡਾ ਜਸਪਾਲ ਕੋਰ ਡਾ ਮੰਗਾ ਝਿੱਕਾ ਆਦਿ ਸਾਥੀ ਹਾਜਰ ਹੋਏ

# ਵਿੱਤ ਮੰਤਰੀ ਅਤੇ ਸਥਾਨਕ ਸਰਕਾਰਾਂ ਮੰਤਰੀ ਨੇ ਵਾਟਰ ਸਪਲਾਈ ਜਥੇਬੰਦੀ ਦੇ ਆਗੂਆਂ ਨਾਲ ਕੀਤੀ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਸੰਗਰੂਰ,9 ਜੁਲਾਈ (ਜਗਸੀਰ ਲੌਂਗੋਵਾਲ ) - ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਡਾਕਟਰ ਰਵਜੋਤ ਸਿੰਘ ਸਥਾਨਕ ਸਰਕਾਰਾਂ ਮੰਤਰੀ ਨਾਲ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇੰਪਲਾਈਜ ਕੰਟਰੈਕਟ ਵਰਕਰਜ ਯੂਨੀਅਨ ਰਜਿ ਨੰਬਰ (23) ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਅਤੇ ਗਗਨਦੀਪ ਸਿੰਘ ਸੁਨਾਮ ਵਲੋਂ ਆਪਣੇ ਸਾਥੀਆਂ ਸਮੇਤ ਮੀਟਿੰਗ ਕੀਤੀ ਗਈ। ਪਿਛਲੇ ਸਮੇਂ ਦੌਰਾਨ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸਬ ਕਮੇਟੀ ਨਾਲ ਕੀਤੀਆਂ ਮੀਟਿੰਗਾਂ ਦਾ



ਜ਼ਿਕਰ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਸੀਵਰੇਜ ਬੋਰਡ ਦੇ ਮੁੱਖ ਕਾਰਜਕਾਰੀ ਅਫਸਰ ਮੈਡਮ ਦੀਪਤੀ ਉਪਲ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ 15 ਦਿਨਾਂ ਦੇ ਵਿੱਚ ਇਸ ਜਥੇਬੰਦੀ ਨੂੰ ਫਿਰ ਸੱਦਿਆ ਜਾਵੇ ਇਸ ਤੋਂ ਪਹਿਲਾਂ ਸੀਵਰੇਜ ਬੋਰਡ ਵਲੋਂ ਸਾਰੀ ਰਿਪੋਰਟ ਤਿਆਰ ਕਰਕੇ ਸਬ ਕਮੇਟੀ ਨੂੰ ਭੇਜੀ ਜਾਵੇਗੀ ਜਿਸ ਤੋਂ ਪਤਾ ਲੱਗ ਸਕੇਗਾ ਕਿ ਆਊਟਸੋਰਸਿਸ,ਠੇਕੇਦਾਰਾ ਕੰਪਨੀਆਂ ਤੇ ਸੁਸਾਇਟੀਆਂ ਰਾਹੀਂ ਰੱਖੇ ਮੁਲਾਜ਼ਮਾਂ ਨੂੰ ਸਿੱਧਾ ਵਿਭਾਗ ਵਿੱਚ ਲੈਣ ਦੇ ਨਾਲ ਵਿਭਾਗ ਉੱਤੇ ਕਿੰਨਾ ਬੋਝ ਪਵੇਗਾ। ਆਗੂਆਂ ਦਾ ਕਹਿਣਾ ਹੈ ਕਿ ਇਸ ਨਾਲ ਸੀਵਰੇਜ ਬੋਰਡ ਉੱਪਰ ਕੋਈ ਵਾਧੂ ਬੋਝ ਨਹੀਂ ਪਵੇਗਾ ਕਿਉਂਕਿ ਜਿਹੜਾ ਕੰਪਨੀਆਂ, ਸੁਸਾਇਟੀਆਂ ਅਤੇ ਠੇਕੇਦਾਰਾਂ ਨੂੰ ਮੁਨਾਫਾ ਦਿੱਤਾ ਜਾਂਦਾ ਹੈ ਉਹ ਬੰਦ ਹੋ ਜਾਵੇਗਾ ਅਤੇ ਇਸ ਦੇ ਨਾਲ ਸੀਵਰੇਜ ਬੋਰਡ ਨੂੰ ਕੋਈ ਵੀ ਵਿੱਤੀ ਘਾਟਾ ਨਹੀਂ ਪਵੇਗਾ। ਇਸ ਦੇ ਨਾਲ ਜਿੰਨਾ ਸਮਾ ਵਿਭਾਗ ਵਿੱਚ ਨਹੀਂ ਲਿਆ ਉਨਾਂ ਸਮਾਂ ਵਰਕਰਾਂ ਨੂੰ ਕਿਰਤ ਕਾਨੂੰਨਾਂ ਦੇ ਮੁਤਾਬਿਕ ਪੂਰੀ ਉਜਰਤਾਂ ਉਨਾਂ ਦਾ ਬਣਦਾ ਬੋਨਸ ਸਾਰੇ ਵਰਕਰਾਂ ਦੀ ਬੀਮਾ ਪਾਲਸੀ ਪਿਛਲੇ ਸਮੇਂ ਅਨੁਸਾਰ ਵਧੀਆ ਉਜਰਤਾਂ ਦਾ ਬਣਦਾ ਬਕਾਇਆ ਜਾਰੀ ਕੀਤਾ ਜਾਵੇਗਾ। ਹਰ ਇੱਕ ਵਰਕਰ ਨੂੰ ਉਸ ਦੀ ਬਣਦੀ ਤਨਖਾਹ 7 ਤਰੀਕ ਨੂੰ ਦੇਣਾ ਯਕੀਨੀ ਬਣਾਇਆ ਜਾਵੇ ਆਦਿ ਮੰਗਾਂ ਤੇ ਵਿਸਥਾਰ ਪੂਰਵਕ ਚਰਚਾ ਹੋਣ ਤੋਂ ਬਾਅਦ ਆਈ,ਏ,ਐਸ, ਮੈਡਮ ਦੀਪਕੀ ਉਪਲ ਵਲੋ ਮੈਨੇਜਰ ਪਰਸੋਨਲ ਜਨਰਲ ਐਡਮਿਨ ਨਾਲ ਮੀਟਿੰਗ ਕਰਵਾਈ ਗਈ। ਇਸ ਮੌਕੇ ਐਮ ਪੀ,ਜੀ,ਏ, ਗੁਰਵਿੰਦਰ ਪਾਲ ਸਿੰਘ, ਮੈਡਮ ਨੀਤੂ ਖੁਰਾਣਾ ਪੀਏ (ਐਮ ਪੀ ਜੀ ਏ) ਕਾਰਜਕਾਰੀ ਇੰਜੀਨੀਅਰ ਜਤਿਨ ਵਾਸੂਦੇਵਾ, ਕਰਨੈਲ ਸਿੰਘ ਸਰਹੰਦ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਲਾਈਟ ਵਿਖੇ ਇੱਕ ਹਫਤੇ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,9 ਜੁਲਾਈ (ਜਗਸੀਰ ਸਿੰਘ)- ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਲਾਈਟ ਲੌਂਗੋਵਾਲ ਦੇ ਕੈਮੀਕਲ ਇੰਜੀਨੀਅਰਿੰਗ ਵਿਭਾਗ ਦੁਆਰਾ ਆਯੋਜਿਤ ਇੱਕ ਹਫ਼ਤੇ ਚੱਲਣ ਵਾਲੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਮ ਸ਼ਾਰਟ ਟਰਮ ਟ੍ਰੇਨਿੰਗ ਪ੍ਰੋਗਰਾਮ "ਇੰਡਸਟਰੀਅਲ ਸੇਫਟੀ: ਟੂਲਜ਼ ਐਂਡ ਟੈਕਨੀਕਸ ਫਾਰ ਰਿਸਕ ਆਈਡੈਂਟੀਫਿਕੇਸ਼ਨ ਐਂਡ ਅਸੈਸਮੈਂਟ (ਆਈਐਸ - ਆਰ ਆਈ ਏ- 2025)" ਦਾ ਉਦਘਾਟਨ ਸਮਾਰੋਹ ਇੰਸਟੀਚਿਊਟ ਕੈਂਪਸ ਵਿਖੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਮਨੀ ਕਾਂਤ ਪਾਸਵਾਨ, ਡਾਇਰੈਕਟਰ, ਸਲਾਇਟ ਸਨ, ਜਿਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਉਦਯੋਗਿਕ ਸੁਰੱਖਿਆ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕੀਤਾ।



ਉਨ੍ਹਾਂ ਨੇ ਭਾਗੀਦਾਰਾਂ ਨੂੰ ਸੁਰੱਖਿਆ ਦੇ ਖੇਤਰ ਵਿੱਚ ਨਵੀਨਤਾਕਾਰੀ ਅਤੇ ਵਿਸ਼ਲੇਸ਼ਣਾਤਮਕ ਪਹੁੰਚ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ, ਪ੍ਰੋਫੈਸਰ ਏ.ਐਸ. ਸ਼ਾਹੀ, ਡੀਨ (ਅਕਾਦਮਿਕ) ਨੇ ਵਿਸ਼ੇਸ਼ ਮਹਿਮਾਨ ਵਜੋਂ ਆਪਣੀ ਹਾਜ਼ਰੀ ਲਗਵਾਈ। ਉਨ੍ਹਾਂ ਨੇ ਵਿਭਾਗ ਦੁਆਰਾ ਇਸ ਪ੍ਰੋਗਰਾਮ ਦੇ ਆਯੋਜਨ ਦੀ ਪ੍ਰਸ਼ੰਸਾ ਕੀਤੀ, ਉਦਯੋਗਿਕ ਸੁਰੱਖਿਆ ਨਾਲ ਸਬੰਧਤ ਤਕਨੀਕੀ ਸਿੱਖਿਆ ਨੂੰ ਸਮੇਂ ਦੀ ਲੋੜ ਦੱਸਿਆ।ਇਸ ਸਮਾਰੋਹ ਵਿੱਚ ਸੰਸਥਾ ਦੀ ਅਕਾਦਮਿਕ ਲੀਡਰਸ਼ਿਪ ਦੇ ਉੱਘੇ ਮੈਂਬਰਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਪ੍ਰੋਫੈਸਰ ਸੁਰਿੰਦਰ ਸਿੰਘ, ਡੀਨ (ਖੋਜ ਅਤੇ ਸਲਾਹਕਾਰ), ਪ੍ਰੋਫੈਸਰ ਕਮਲੇਸ਼ ਕੁਮਾਰੀ, ਡੀਨ (ਯੋਜਨਾ ਅਤੇ ਵਿਕਾਸ), ਪ੍ਰੋਫੈਸਰ ਕਮਲੇਸ਼ ਪ੍ਰਸਾਦ, ਡੀਨ (ਫੈਕਲਟੀ ਅਤੇ ਸਟਾਫ ਭਲਾਈ), ਪ੍ਰੋਫੈਸਰ ਵਿਕਾਸ ਨੰਦਾ, ਵਿਭਾਗ ਮੁਖੀ (ਫੂਡ ਇੰਜੀਨੀਅਰਿੰਗ ਅਤੇ ਤਕਨਾਲੋਜੀ), ਪ੍ਰੋਫੈਸਰ ਐਚ.ਆਰ. ਘਟਕ, ਕੈਮੀਕਲ ਇੰਜੀਨੀਅਰਿੰਗ ਵਿਭਾਗ ਮੁਖੀ, ਫੈਕਲਟੀ ਮੈਂਬਰ, ਖੋਜ ਵਿਦਵਾਨ, ਵਿਦਿਆਰਥੀ, ਉਦਯੋਗ ਪੇਸ਼ੇਵਰ ਅਤੇ ਸੱਦੇ ਗਏ ਮਾਹਰ ਬੁਲਾਰੇ ਸ਼ਾਮਲ ਸਨ। ਆਈਐਸ-ਆਰਆਈਏ-2025 ਦੇ ਕੋਆਰਡੀਨੇਟਰ ਡਾ. ਅਮਿਤ ਰਾਏ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੇ ਕਨਵੀਨਰ ਪ੍ਰੋਫੈਸਰ ਐਚ.ਆਰ. ਘਟਕ ਨੇ ਸਮਾਗਮ ਦਾ ਸੰਖੇਪ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਭਾਗੀਦਾਰਾਂ ਨੂੰ ਜੋਖਮ ਮੁਲਾਂਕਣ, ਖਤਰੇ ਦੀ ਪਛਾਣ ( ਫਜ਼ੀ ਲਾਜਿਕ), ਫਾਲਟ ਅਤੇ ਇਵੈਂਟ ਟ੍ਰੀ ਵਿਸ਼ਲੇਸ਼ਣ, ਸੁਰੱਖਿਆ ਆਡਿਟ, ਅਤੇ ਮਨੁੱਖੀ ਗਲਤੀ ਮੁਲਾਂਕਣ ਲਈ ਆਧੁਨਿਕ ਸਾਧਨਾਂ ਅਤੇ ਵਿਧੀਆਂ ਨਾਲ ਲੈਸ ਕਰਨਾ ਹੈ। ਆਈਆਈਟੀ, ਐਨਆਈਟੀ, ਸੀਐਫਟੀਆਈ, ਨੈਸ਼ਨਲ ਲੇਬਰ ਇੰਸਟੀਚਿਊਟ ਅਤੇ ਉਦਯੋਗ ਦੇ ਉੱਘੇ ਬੁਲਾਰਿਆਂ ਦੁਆਰਾ ਮਾਹਿਰ ਸੈਸ਼ਨਾਂ ਦੀ ਇੱਕ ਲੜੀ ਹਫ਼ਤੇ ਭਰ ਆਯੋਜਿਤ ਕੀਤੀ ਜਾਵੇਗੀ। ਇਸ ਹਾਈਬ੍ਰਿਡ-ਮੋਡ ਪ੍ਰੋਗਰਾਮ ਲਈ ਭਾਰਤ ਭਰ ਤੋਂ ਲਗਭਗ 125 ਭਾਗੀਦਾਰਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ, ਜੋ ਕਿ ਅਕਾਦਮਿਕ, ਖੋਜ ਸੰਸਥਾਵਾਂ ਅਤੇ ਉਦਯੋਗਾਂ ਦੀ ਨੁਮਾਇੰਦਗੀ ਕਰਦੇ ਹਨ।ਸਮਾਗਮ ਦਾ ਉਦਘਾਟਨ ਸੈਸ਼ਨ ਆਈਐਸ - ਆਰ ਆਈ ਏ- 2025) ਦੇ ਕੋਆਰਡੀਨੇਟਰ ਡਾ. ਨਿਖਿਲ ਪ੍ਰਕਾਸ਼ ਦੁਆਰਾ ਰਸਮੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਪਤਵੰਤਿਆਂ, ਬੁਲਾਰਿਆਂ, ਪ੍ਰਬੰਧਕ ਟੀਮ ਅਤੇ ਭਾਗੀਦਾਰਾਂ ਦਾ ਉਨ੍ਹਾਂ ਦੇ ਉਤਸ਼ਾਹੀ ਸਹਿਯੋਗ ਅਤੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਇਹ ਸੈਸ਼ਨ 11 ਜੁਲਾਈ ਤੱਕ ਜਾਰੀ ਰਹੇਗਾ ।

# ਵਿਧਾਨ ਸਭਾ ਹਲਕਾ ਬਰਨਾਲਾ ਦੀ ਸਮੀਖਿਆ ਮੀਟਿੰਗ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਆਜ਼ਾਦ ਨਗਰ ਨੇੜੇ ਤਰਕਸ਼ੀਲ ਚੌਂਕ ਬਰਨਾਲਾ ਵਿਖੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 09 ਜੁਲਾਈ
INTERNATIONAL PAPER, 9463601616
hardipchumber57@gmail.com

ਬਰਨਾਲਾ ( ਡਾਕਟਰ ਸਰਬਜੀਤ) - ਅੱਜ ਮਿਤੀ 7 ਜੁਲਾਈ 2025 ਨੂੰ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਵਿਧਾਨ ਸਭਾ ਹਲਕਾ ਬਰਨਾਲਾ ਦੀ ਸਮੀਖਿਆ ਮੀਟਿੰਗ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਆਜ਼ਾਦ ਨਗਰ ਨੇੜੇ ਤਰਕਸ਼ੀਲ ਚੌਂਕ ਬਰਨਾਲਾ ਵਿਖੇ ਹੋਈ।

ਮੀਟਿੰਗ ਵਿੱਚ ਸਰਬ ਸੰਮਤੀ ਦੇ ਨਾਲ ਵਿਧਾਨ ਸਭਾ ਹਲਕਾ ਬਰਨਾਲਾ ਦੇ ਪ੍ਰਧਾਨ ਅਤੇ ਜਿਲਾ ਕੋਆਰਡੀਨੇਟਰ ਹਲਕਾ ਇੰਚਾਰਜ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ।

ਸਭ ਤੋਂ ਪਹਿਲਾਂ ਹਲਕੇ ਦੇ ਪ੍ਰਧਾਨ ਸਰਦਾਰ ਸਤਪਾਲ ਸਿੰਘ ਸੰਘੇੜਾ ਨੂੰ ਪਾਰਟੀ ਪ੍ਰਤੀ ਨਿਭਾਈ ਗਈ ਜਿੰਮੇਵਾਰੀ ਦੇ ਸਬੰਧ ਦੇ ਵਿੱਚ ਜਿਲਾ ਬਾਡੀ ਵੱਲੋਂ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ।



ਰਿਪੋਰਟ:- ਡਾਕਟਰ ਸਰਬਜੀਤ ਸਿੰਘ ਖੇੜੀ, ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ।

ਉਸ ਉਪਰੰਤ ਨਵ ਨਿਯੁਕਤ ਹਲਕਾ ਪ੍ਰਧਾਨ ਪ੍ਰਿੰਸੀਪਲ ਪਿਆਰਾ ਸਿੰਘ ਬਰਨਾਲਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਤੇ ਹਲਕਾ ਇੰਚਾਰਜ ਮੈਡਮ ਪਰਮਜੀਤ ਕੌਰ ਸਾਬਕਾ ਸਰਪੰਚ ਜਲੂਰ ਨੂੰ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ ਅਤੇ ਲੱਡੂ ਵੰਡੇ ਗਏ।

ਇਸ ਸਮੇਂ ਲੈਕਚਰਾਰ ਅਮਰਜੀਤ ਸਿੰਘ ਜੀ ਝਲੂਰ ਸੂਬਾ ਜਨਰਲ ਸਕੱਤਰ ਅਤੇ ਜੋਨ ਇੰਚਾਰਜ ਪਟਿਆਲਾ, ਡਾਕਟਰ ਸਰਬਜੀਤ ਸਿੰਘ ਖੇੜੀ ਜਿਲਾ ਪ੍ਰਧਾਨ, ਮੈਡਮ ਬਲਜੀਤ ਕੌਰ ਵਿਰਕ ਕਨਵੀਨਰ ਲੇਡੀਜ਼ ਵਿੰਗ ਜ਼ਿਲ੍ਹਾ ਬਰਨਾਲਾ, ਅੰਮ੍ਰਿਤਪਾਲ ਸਿੰਘ ਉਰਫ ਅਮਰ ਸਿੰਘ ਖੁੱਡੀ ਕਲਾਂ ਕਨਵੀਨਰ BVF ਜ਼ਿਲ੍ਹਾ ਬਰਨਾਲਾ, ਬਲਵਿੰਦਰ ਸਿੰਘ ਕੱਟੂ ਐਸਡੀਓ ਜ਼ਿਲ੍ਹਾ ਜਥੇਬੰਦਕ ਸਕੱਤਰ, ਮੇਜਰ ਸਿੰਘ ਖੇੜੀ ਜਿਲਾ ਸਕੱਤਰ, ਸਿੰਦਰਪਾਲ ਸਿੰਘ ਜ਼ਿਲ੍ਹਾ ਸਕੱਤਰ, ਦਾਰਾ ਸਿੰਘ ਬਰਨਾਲਾ ਜ਼ਿਲ੍ਹਾ ਦਫਤਰ ਇੰਚਾਰਜ, ਸੁਰਜੀਤ ਸਿੰਘ ਬਰਨਾਲਾ ਜ਼ਿਲ੍ਹਾ ਦਫ਼ਤਰ ਸਕੱਤਰ, ਕਰਮਜੀਤ ਸਿੰਘ ਖੁੱਡੀ ਕਲਾਂ ਸਾਬਕਾ ਜ਼ਿਲ੍ਹਾ ਜਨਰਲ ਸਕੱਤਰ, ਸ੍ਰੀ ਹਰੀ ਰਾਮ ਸਿੰਘ ਜੀ ਮਹਿਮੀ ਸਾਬਕਾ ਸ਼ਹਿਰੀ ਪ੍ਰਧਾਨ ਬਰਨਾਲਾ, ਬਾਵਾ ਸਿੰਘ ਜੀ ਕੱਟੂ ਜਨਰਲ ਸਕੱਤਰ ਹਲਕਾ ਬਰਨਾਲਾ, ਅਵਤਾਰ ਸਿੰਘ ਖੁੱਡੀ ਸਾਬਕਾ ਜਨਰਲ ਸਕੱਤਰ ਹਲਕਾ ਬਰਨਾਲਾ, ਹਾਕਮ ਸਿੰਘ ਬੀਪੀਈਓ ਬਰਨਾਲਾ, ਸੂਬੇਦਾਰ ਹਰਬੰਸ ਸਿੰਘ ਬਰਨਾਲਾ, ਨਿਰਮਲ ਸਿੰਘ ਸੈਕਟਰ ਪ੍ਰਧਾਨ ਝਲੂਰ, ਮਹਿੰਦਰ ਸਿੰਘ ਧਨੌਲਾ ਖੁਰਦ ਸੈਕਟਰ ਪ੍ਰਧਾਨ ਹੰਡਿਆਇਆ, ਜਗਸੀਰ ਸਿੰਘ ਜੱਗਾ ਠੁਲੇਵਾਲ ਸੈਕਟਰ ਸਕੱਤਰ, ਜਰਨੈਲ ਸਿੰਘ ਕੱਟੂ, ਕਰਨੈਲ ਸਿੰਘ ਕੱਟੂ ਤੇ ਸਰਦਾਰ ਸੰਕਰ ਸਿੰਘ ਬਰਨਾਲਾ ਆਦਿ ਅਹੁਦੇਦਾਰ ਤੇ ਵਰਕਰ ਸਾਥੀ ਹਾਜ਼ਰ ਸਨ।

# ਭਾਖੜਾ ਬਿਆਸ ਕਰਮਚਾਰੀ ਯੂਨੀਅਨ ਏਟਕ (ਏਫ਼ੀ) ਨੇ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਕੀਤੀ ਗੇਟ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 09 ਜੁਲਾਈ
INTERNATIONAL PAPER, 9463601616
hardipchumber57@gmail.com

ਸੰਗਰੂਰ, 9 ਜੁਲਾਈ (ਜਗਸੀਰ ਸਿੰਘ)- ਅੱਜ ਭਾਖੜਾ ਬਿਆਸ ਕਰਮਚਾਰੀ ਯੂਨੀਅਨ ਏਟਕ (ਏਫ਼ੀ) ਸ਼ਾਖਾ ਸੰਗਰੂਰ ਨੇ ਕੇਂਦਰੀ ਕਾਰਜਕਾਰਨੀ ਅਤੇ ਸਾਰੀਆਂ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਪ੍ਰਧਾਨ ਸ੍ਰੀ ਸਰਬਜੀਤ ਸਿੰਘ ਦੀ ਪ੍ਰਧਾਨਗੀ ਹੇਠ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਇੱਕ ਗੇਟ ਮੀਟਿੰਗ ਰਾਹੀਂ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ, 26000 ਦੀ ਘੱਟੋ-ਘੱਟ ਉਜਰਤ ਲਾਗੂ ਕਰਨ, 2022-2025 ਤੱਕ ਪ੍ਰੋਤਸਾਹਨ ਲਾਗੂ ਕਰਨ, ਆਰਜ਼ੀ ਕਰਮਚਾਰੀਆਂ ਨੂੰ ਸਥਾਈ ਕਰਨ, 01-01 2016 ਤੋਂ 30-06-2021 ਤੱਕ ਦੇ ਬਕਾਏ ਇੱਕ ਜਾਂ ਦੋ



ਕਿਸ਼ਤਾਂ ਵਿੱਚ ਅਦਾ ਕਰਨ, 44 ਕਿਰਤ ਕਾਨੂੰਨਾਂ ਦੀ ਥਾਂ ਚਾਰ ਕਿਰਤ ਕਾਨੂੰਨ ਕੋਡ ਲਾਗੂ ਕਰਨ, ਨਿੱਜੀਕਰਨ ਕਰਨ, ਰੋਟੀ ਕੱਪੜਾ ਬਣਾਉਣ ਅਤੇ ਸਿਹਤ ਸਿੱਖਿਆ ਦੀ ਗਰੰਟੀ ਦਾ ਸਮਰਥਨ ਕਰਨ ਅਤੇ ਗੇਟ ਮੀਟਿੰਗ ਮੌਕੇ ਗੁੱਸਾ ਪ੍ਰਗਟ ਕਰਦਿਆਂ ਜ਼ਬਰਦਸਤ ਨਾਰੇਬਾਜ਼ੀ ਕੀਤੀ।ਇਸ ਸਮੇਂ ਸ੍ਰੀ ਸੁਰੇਸ਼ ਕੁਮਾਰ ਸੈਣੀ, ਜਨਰਲ ਸਕੱਤਰ, ਭਾਖੜਾ ਬਿਆਸ ਇਮਪਲਾਈਜ਼ ਯੂਨੀਅਨ ਏਟਕ ਐਫ ਈ ਕਿਹਾ ਕਿ ਅੱਜ ਹੜਤਾਲ ਦੇ ਸਮਰਥਨ ਵਿੱਚ, ਭਾਖੜਾ ਬਿਆਸ ਕਰਮਚਾਰੀ ਯੂਨੀਅਨ, ਏਆਈਟੀਯੂਸੀ ਅਤੇ ਏਐਫਆਈ, ਆਲ ਬੀਬੀਐਮਬੀ ਰੋਟਰੀ ਯੂਨੀਅਨ, ਏਆਈਟੀਯੂਸੀ ਅਤੇ ਕੋਆਰਡੀਨੇਸ਼ਨ ਕਮੇਟੀ, ਨੰਗਲ ਟਾਊਨਸ਼ਿਪ ਸਮੇਤ ਬੀਬੀਐਮਬੀ ਦੇ ਸਾਰੇ ਕੇਂਦਰਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਲਈ, ਸਾਰੇ ਕੇਂਦਰਾਂ ਦੇ ਪ੍ਰਮੁੱਖ ਸਕੱਤਰ, ਸਾਰੇ ਕਮੇਟੀ ਮੈਂਬਰ ਅਤੇ ਸਾਰੇ ਕਰਮਚਾਰੀ ਸਾਥੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਸਾਰਿਆਂ ਨੇ ਇਸ ਵਿਰੋਧ ਪ੍ਰਦਰਸ਼ਨ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਅਸੀਂ ਭਾਖੜਾ ਬਿਆਸ ਕਰਮਚਾਰੀ ਯੂਨੀਅਨ, ਏਆਈਟੀਯੂਸੀ ਅਤੇ ਏਐਫਆਈ ਦੀ ਕੇਂਦਰੀ ਕਾਰਜਕਾਰਨੀ ਵੱਲੋਂ ਆਪਣੇ ਵੱਲੋਂ ਅਤੇ ਜਨਰਲ ਸਕੱਤਰ ਦੇ ਤੌਰ 'ਤੇ ਦਿਲੋਂ ਧੰਨਵਾਦ ਕਰਦੇ ਹਾਂ, ਅਤੇ ਇਸ ਪੜਾਅ ਰਾਹੀਂ ਅਸੀਂ ਸਾਰੇ ਕਰਮਚਾਰੀਆਂ ਨੂੰ ਇੱਕਜੁੱਟ ਰਹਿਣ ਅਤੇ ਆਪਣੇ ਹੱਕਾਂ ਲਈ ਲੜਨ ਦੀ ਅਪੀਲ ਕਰਦੇ ਹਾਂ। ਇਸ ਸਮੇਂ, ਸ੍ਰੀ ਪ੍ਰਿਤਪਾਲ ਸ਼ਰਮਾ, ਸਾਬਕਾ ਪ੍ਰਧਾਨ, ਸ੍ਰੀ ਕੁਲਬੀਰ ਸਿੰਘ, ਤੇਜਿੰਦਰ ਪਾਲ ਸਿੰਘ, ਸ੍ਰੀ ਰਣਜੀਤ ਸਿੰਘ, ਸ੍ਰੀ ਜਗਸੀਰ ਸਿੰਘ ਅਤੇ ਪੀਐਸਈਬੀ ਕਰਮਚਾਰੀ ਫੈਡਰੇਸ਼ਨ ਏਆਈਟੀਯੂਸੀ ਸਰਕਲ ਪ੍ਰਧਾਨ ਸ੍ਰੀ ਜੀਵਨ ਸਿੰਘ ਨੇ ਵੀ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕੀਤਾ ਅਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ।

# ਬਸਪਾ ਵੱਲੋਂ ਕੱਲ੍ਹ ਅਬੋਹਰ ਐਨਕਾਉਂਟਰ ਵਿਚ ਮਾਰੇ ਗਏ ਮਰਦਾਂਪੁਰ ਦੇ ਨੌਜਵਾਨ ਜਸਪ੍ਰੀਤ ਦੇ ਪ੍ਰੀਵਾਰ ਨੂੰ ਇਨਸਾਫ ਦਿਵਾਉਣ ਲਈ ਰਾਜਪੁਰਾ ਵਿਖੇ ਕੀਤਾ ਜਾਵੇਗਾ ਧਰਨਾ ਪ੍ਰਦਰਸ਼ਨ, ਬਲਦੇਵ ਮਹਿਰਾ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 09 ਜੁਲਾਈ
INTERNATIONAL PAPER, 9463601616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਅਬੋਹਰ ਪੁਲਿਸ ਵੱਲੋਂ ਕੱਪੜਾ ਵਪਾਰੀ ਦੇ ਕਤਲ ਦੇ ਸਬੰਧ ਵਿੱਚ ਪਿੰਡ ਮਰਦਾਂਪੁਰ ਜ਼ਿਲ੍ਹਾ ਪਟਿਆਲਾ ਦਾ ਨੌਜਵਾਨ ਜੋ ਬਾਲਮੀਕ ਸਮਾਜ ਨਾਲ ਸਬੰਧ ਰੱਖਦਾ ਸੀ ਨੂੰ ਐਨਕਾਉਂਟਰ ਵਿਚ ਮਾਰ ਦਿੱਤਾ ਗਿਆ ਹੈ।ਜੋ ਕਿ ਬਿਲਕੁਲ ਬੇਕਸੂਰ ਸੀ। ਅਨੁਸੂਚਿਤ ਜਾਤੀ ਨਾਲ ਸਬੰਧਤ ਪਿੰਡ ਮੁਰਦਾਂਪੁਰ ਦੇ ਵਸਨੀਕ ਜਸਪ੍ਰੀਤ 32 ਪੁੱਤਰ ਹਰਜੀਤ ਸਿੰਘ ਦਾ ਪਿਤਾ ਪੱਥਰ ਲਾਉਣ ਦਾ ਕੰਮ ਕਰਦਾ ਹੈ।ਘਰ ਵਿੱਚ ਮਾਂ ਤੋਂ ਇਲਾਵਾ ਇੱਕ ਛੋਟੀ ਭੈਣ ਹੈ। ਗੁਆਂਢੀਆਂ ਦੇ ਦੱਸਣ ਮੁਤਾਬਕ ਜਸਪ੍ਰੀਤ ਸਿੰਘ ਬੇਕਸੂਰ ਹੀ ਪੁਲਿਸ ਵੱਲੋਂ ਮਾਰ ਦਿੱਤਾ ਗਿਆ ਹੈ। ਸ. ਬਲਦੇਵ ਸਿੰਘ ਮਹਿਰਾ ਬਸਪਾ ਸੂਬਾ ਮੀਤ ਪ੍ਰਧਾਨ ਪਿੰਡ ਮਰਦਾਂਪੁਰ ਜ਼ਿਲ੍ਹਾ ਪਟਿਆਲਾ ਵਿਖੇ ਪਹੁੰਚ ਕੇ ਪਹੁੰਚ ਕੇ ਪ੍ਰੀਵਾਰ ਵਾਲਿਆਂ ਨਾਲ ਮਿਲਕੇ ਦੁੱਖ ਸਾਂਝਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐਡਵੋਕੇਟ ਜਸਪਾਲ ਸਿੰਘ ਇੰਚਾਰਜ ਜਿਲਾ ਪਟਿਆਲਾ, ਕੁਲਦੀਪ ਸਿੰਘ ਸੁਰੋਂ ਜਿਲਾ ਇੰਚਾਰਜ, ਰਾਜਿੰਦਰ ਸਿੰਘ ਚੱਪੜ ਪ੍ਰਧਾਨ ਹਲਕਾ ਰਾਜਪੁਰਾ, ਸੁਖਵਿੰਦਰ ਸਿੰਘ ਤੇਪਲਾ ਪ੍ਰਧਾਨ ਹਲਕਾ ਘਨੌਰ, ਗੁਰਦਾਸ ਸਿੰਘ ਘੜਾਮਾ, ਮਨਪ੍ਰੀਤ ਸਿੰਘ ਉਸਕੀ ਸਮੇਤ ਪਿੰਡ ਦੇ ਬਸਪਾ ਵਰਕਰ ਵੱਡੀ ਗਿਣਤੀ ਵਿਚ ਹਾਜ਼ਰ ਸਨ। ਉਨ੍ਹਾਂ ਪ੍ਰੀਵਾਰ ਵਾਲਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਬਸਪਾ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਮੋਹਰੀ ਰੋਲ ਨਿਭਾਏਗੀ।

ਇਸ ਮੌਕੇ ਉਨ੍ਹਾਂ ਕਿਹਾ ਕਿ ਪ੍ਰੀਵਾਰ ਨੂੰ ਇਨਸਾਫ



ਦਿਵਾਉਣ ਲਈ ਅਤੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਕੱਲ੍ਹ ਸਵੇਰ 10 ਵਜੇ ਅੰਬੇਦਕਰ ਚੌਕ ਰਾਜਪੁਰਾ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਐਸ ਡੀ ਐਮ ਰਾਜਪੁਰਾ ਰਾਹੀਂ ਪੰਜਾਬ ਦੇ ਗਵਰਨਰ ਸਾਹਿਬ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ ਤਾਂ ਕਿ ਪ੍ਰੀਵਾਰ ਵਾਲਿਆਂ ਨੂੰ ਇਨਸਾਫ ਮਿਲ ਸਕੇ।

# ਦੇਸ ਵਿਆਪੀ ਹੜਤਾਲ ਮੌਕੇ ਕੇਂਦਰ ਅਤੇ ਸੂਬਾ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸਨ ਉਪਰੰਤ, ਮਾਨਸਾ ਸ਼ਹਿਰ ਦੇ ਬਜ਼ਾਰਾਂ ਚ ਕੀਤਾ ਮਾਰਚ,,,,

## ਮੋਦੀ ਸਰਕਾਰ ਦੇ 11 ਸਾਲਾ ਕਾਰਜ਼ਕਾਲ ਦੌਰਾਨ ਆਮ ਜਨਤਾ ਹੇਠਲੇ ਪੱਧਰ ਦਾ ਜੀਵਨ ਬਸਰ ਕਰਨ ਲਈ ਮਜਬੂਰ,,, : ਆਗੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 09 ਜੁਲਾਈ
INTERNATIONAL PAPER, 9463601616
hardipchumber57@gmail.com

ਮਾਨਸਾ 09 ਜੁਲਾਈ (ਆਤਮਾ ਸਿੰਘ ਪਮਾਰ ) ਦੇਸ਼ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ , ਮੁਲਾਜ਼ਮ ਫੈਡਰੇਸ਼ਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕੀਤੀ ਗਈ ਦੇਸ਼ ਵਿਆਪੀ ਹੜਤਾਲ ਮੌਕੇ ਸਥਾਨਕ ਰੇਲਵੇ ਗੁਦਾਮ 'ਤੇ ਕੇਂਦਰ ਦੀ ਮੋਦੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਉਪਰੰਤ ਮਾਨਸਾ ਸ਼ਹਿਰ ਦੇ ਬਜ਼ਾਰਾਂ 'ਚ ਜ਼ਬਰਦਸਤ ਮਾਰਚ ਵੀ ਕੀਤਾ। ਰੋਸ ਪ੍ਰਦਰਸ਼ਨ ਦੌਰਾਨ ਵੱਡੀ ਤਦਾਦ 'ਚ ਮਜ਼ਦੂਰਾਂ , ਮੁਲਾਜ਼ਮਾਂ ਤੇ ਕਿਸਾਨਾਂ ਵੱਲੋਂ ਸਮੂਲੀਅਤ ਕੀਤੀ ਗਈ । ਪ੍ਰਦਰਸ਼ਨ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ , ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਸੀਪੀਆਈ ਐਮ ਐਲ ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਸੁਖਦਰਸ਼ਨ ਨੱਤ , ਕਾ. ਰਾਜਵਿੰਦਰ ਸਿੰਘ



ਰਾਣਾ , ਬੀਕੇਯੂ ਡਕੌਂਦਾ ਦੇ ਮਹਿੰਦਰ ਸਿੰਘ ਭੈਣੀਬਾਘਾ , ਬੀਕੇਯੂ ਡਕੌਂਦਾ ਧਨੇਰ ਦੇ ਮੱਖਣ ਸਿੰਘ ਭੈਣੀਬਾਘਾ , ਸੀਪੀਆਈ ਦੇ ਕ੍ਰਿਸ਼ਨ ਚੌਹਾਨ , ਏਟਕ ਦੇ ਕੁਲਵਿੰਦਰ ਸਿੰਘ ਉੱਡਤ , ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਧੰਨਾ ਮੱਲ ਗੋਇਲ , ਬੀਕੇਯੂ ਮਾਨਸਾ ਦੇ ਬੋਘ ਸਿੰਘ ਮਾਨਸਾ , ਬੀਕੇਯੂ ਲੱਖੋਵਾਲ ਦੇ ਨਿਰਮਲ ਸਿੰਘ ਝੰਡੂਕੇ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ , ਬੀਕੇਯੂ ਕ੍ਰਾਂਤੀਕਾਰੀ ਦੇ ਹਰਚਰਨ ਸਿੰਘ ਤਾਮਕੋਟ, ਬੀਕੇਯੂ ਉਗਰਾਹਾਂ ਦੇ ਜਗਸੀਰ ਸਿੰਘ ਜਵਾਹਰਕੇ , ਬੀਕੇਯੂ ਕਾਦੀਆਂ ਦੇ ਪਰਮਜੀਤ ਗਾਗੋਵਾਲ, ਜਮਹੂਰੀ ਕਿਸਾਨ ਸਭਾ ਦੇ ਮੇਜ਼ਰ ਸਿੰਘ ਦੂਲੋਵਾਲ , ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋ , ਕਰਨੈਲ ਸਿੰਘ ਭੀਖੀ , ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਕੇਵਲ ਸਿੰਘ ਸਮਾਓ, ਮਜ਼ਦੂਰ ਮੁਕਤੀ ਮੋਰਚਾ ਦੇ ਗੁਰਸੇਵਕ ਸਿੰਘ ਮਾਨ, ਦੀ ਮਾਨਸਾ ਰਿਟਾਇਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾਂ, ਪੈਂਟਰ ਯੂਨੀਅਨ ਦੇ ਜੀਤ ਰਾਮ , ਦੋਧੀ ਯੂਨੀਅਨ ਦੇ ਲਾਭ ਸਿੰਘ ਭੈਣੀਬਾਘਾ, ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਗੁਰਦੇਵ ਸਿੰਘ ਦਲੇਲ ਸਿੰਘ ਵਾਲਾ , ਪ੍ਰਗਤੀਸ਼ੀਲ ਇਸਤਰੀ ਸਭਾ ਦੇ ਜਸਵੀਰ ਕੌਰ ਨੱਤ , ਹੈਂਡੀਕੈਪਟ ਐਸੋਸੀਏਸ਼ਨ ਦੇ ਭੀਮ ਭੁਪਾਲ , ਮੁਲਾਜ਼ਮ ਆਗੂ ਬਿੱਕਰ ਸਿੰਘ ਮਾਖਾ , ਹਿੰਮਤ ਸਿੰਘ ਦੂਲੋਵਾਲ , ਰਾਜ ਕੁਮਾਰ ਰੰਗਾ , ਕੁਲਦੀਪ ਸਿੰਘ, ਸੱਤਪਾਲ ਭੈਣੀਬਾਘਾ, ਸੱਤਪਾਲ ਰਿਸੀ , ਅਮਰੀਕ ਮਾਖਾ , ਪੰਜਾਬ ਸਟੂਡੈਂਟ ਯੂਨੀਅਨ ਦੇ ਅਰਵਿੰਦਰ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਦੇ 11 ਸਾਲਾ ਕਾਰਜਕਾਲ ਦੌਰਾਨ ਆਮ ਜਨਤਾ ਦਾ ਜੀਵਨ ਜਿਉਣਾ ਦੁੱਭਰ ਹੋ ਗਿਆ ਹੈ ਅਤੇ ਲੋਕ ਹੇਠਲੇ ਪੱਧਰ ਦਾ ਜੀਵਨ ਬਸਰ ਕਰਨ ਲਈ ਮਜਬੂਰ ਹਨ। ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਮਾਲੋਮਾਲ ਕੀਤਾ ਜਾ ਰਿਹਾ ਹੈ। ਆਗੂਆਂ ਨੇ ਲੋਕਾਂ ਨੂੰ ਭਵਿੱਖੀ ਚਣੌਤੀਆਂ ਤੋ ਅਗਾਊਂ ਅਗਾਹ /ਖ਼ਬਰਦਾਰ ਕਰਦਿਆਂ ਕਿਹਾ ਕਿ ਸਾਂਝੇ ਤੇ ਵਿਸ਼ਾਲ ਸੰਘਰਸ਼ਾਂ ਦੇ ਬਲਬੂਤੇ ਹੀ ਸਮੇਂ ਦੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।ਇਹੋ ਇੱਕੋ ਇੱਕ ਰਸਤਾ ਹੈ ਜਿਸ 'ਤੇ ਚਲਦਿਆਂ ਮਜ਼ਦੂਰਾਂ , ਕਿਸਾਨਾਂ , ਮੁਲਾਜ਼ਮਾਂ, ਦੁਕਾਨਦਾਰਾਂ ਛੋਟੇ ਵਪਾਰੀਆਂ ਅਤੇ ਵਿਦਿਆਰਥੀਆਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ/ ਹਿੱਤਾਂ ਦੀ ਰਖਵਾਲੀ ਕੀਤੀ ਜਾ ਸਕਦੀ ਹੈ ।

# ਦਿੱਲੀ ਦੀ ਸੀਐੱਮ ਰੇਖਾ ਗੁਪਤਾ ਦੇ ਸਰਕਾਰੀ ਬੰਗਲੇ ਦੇ ਨਵੀਨੀਕਰਨ ਦਾ ਟੈਂਡਰ ਰੱਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 09 ਜੁਲਾਈ
INTERNATIONAL PAPER, 9463601616
hardipchumber57@gmail.com

ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੇ ਸਰਕਾਰੀ ਬੰਗਲੇ ਦੇ ਨਵੀਨੀਕਰਨ ਦਾ ਮਾਮਲਾ ਇਸ ਸਮੇਂ ਗਰਮਾ ਗਿਆ ਹੈ। ਮੁੱਖ ਮੰਤਰੀ ਨੂੰ ਦਿੱਲੀ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਵੱਲੋਂ ਰਾਜਨਿਵਾਸ ਮਾਰਗ ਬੰਗਲਾ ਨੰਬਰ 1 ਅਲਾਟ ਕੀਤਾ ਗਿਆ ਸੀ, ਜਿਸਦੀ ਮੁਰੰਮਤ 'ਤੇ ਲਗਭਗ 60 ਲੱਖ ਰੁਪਏ ਖਰਚ ਆਉਣੇ ਸਨ। ਇਸ ਸਬੰਧ ਵਿੱਚ ਪੀਡਬਲਯੂਡੀ ਵੱਲੋਂ ਜਾਰੀ ਟੈਂਡਰ ਰੱਦ ਕਰ ਦਿੱਤਾ ਗਿਆ ਹੈ।

ਵਿਭਾਗ ਨੇ ਇਸ ਸਬੰਧ ਵਿੱਚ ਇੱਕ ਸੋਧ-1 ਜਾਰੀ ਕੀਤਾ ਹੈ। ਇਹ ਨੋਟਿਸ ਪੀਡਬਲਯੂਡੀ ਦੇ ਕਾਰਜਕਾਰੀ ਇੰਜੀਨੀਅਰ (ਈ) ਵੱਲੋਂ 7 ਜੁਲਾਈ ਨੂੰ ਜਾਰੀ ਕੀਤਾ ਗਿਆ ਹੈ। ਇਸ ਵਿੱਚ, ਵਿਭਾਗ ਨੇ ਪ੍ਰਸ਼ਾਸਕੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਟੈਂਡਰ ਰੱਦ ਕਰਨ ਦੀ ਗੱਲ ਕਹੀ ਹੈ। ਇਹ ਟੈਂਡਰ ਬਿਜਲੀ ਦੀਆਂ ਤਾਰਾਂ ਬਦਲਣ, ਇਸਦੀ ਫਿਟਿੰਗ ਅਤੇ ਹੋਰ ਕੰਮਾਂ ਲਈ ਕੁੱਲ 59,40,170 ਰੁਪਏ ਦੀ ਲਾਗਤ ਨਾਲ ਜਾਰੀ ਕੀਤਾ ਗਿਆ ਸੀ। ਹੁਣ ਵਿਭਾਗ ਨੇ ਇਸਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਲੈਕਟ੍ਰਾਨਿਕ ਉਪਕਰਣ ਬੰਗਲੇ 'ਚ ਲਗਾਏ ਜਾਣੇ ਸਨ

ਇਸ ਤੋਂ ਇਲਾਵਾ, ਇਲੈਕਟ੍ਰਾਨਿਕ ਉਪਕਰਣਾਂ ਵਿੱਚ 9 ਲੱਖ ਤੋਂ ਵੱਧ ਦੀ ਕੀਮਤ ਦੇ 5 ਟੈਲੀਵਿਜ਼ਨ ਸੈੱਟ, 7.5 ਲੱਖ ਤੋਂ ਵੱਧ ਦੀ ਕੀਮਤ ਦੇ 14 ਏਸੀ, 1.8 ਲੱਖ ਰੁਪਏ ਦੇ ਰਿਮੋਟ ਕੰਟਰੋਲ ਵਾਲੇ 23 ਛੱਤ ਵਾਲੇ ਪੱਖੇ, 85 ਹਜ਼ਾਰ ਰੁਪਏ ਦੀ ਕੀਮਤ ਦਾ ਓਟੀਜੀ, 77 ਹਜ਼ਾਰ ਰੁਪਏ ਦੀ ਆਟੋਮੈਟਿਕ ਵਾਸ਼ਿੰਗ ਮਸ਼ੀਨ, 60 ਹਜ਼ਾਰ ਰੁਪਏ ਦੀ ਕੀਮਤ ਦੇ ਡਿਸ਼ਵਾਸ਼ਰ, 32 ਹਜ਼ਾਰ ਰੁਪਏ ਦੇ ਮਾਈਕ੍ਰੋਵੇਵ ਓਵਨ, 91 ਹਜ਼ਾਰ ਰੁਪਏ ਦੇ 6 ਗੀਜ਼ਰ ਅਤੇ 63 ਹਜ਼ਾਰ ਰੁਪਏ ਦੀ ਕੀਮਤ ਦਾ ਗੈਸ ਸਟੋਵ ਸ਼ਾਮਲ ਹਨ।

# ਸੀਟੂ ਆਗੂਆਂ ਨੇ ਲਾਮਿਸਾਲ ਹੜਤਾਲ ਦੀ ਕਾਮਯਾਬੀ ਲਈ ਵਰਕਰਾਂ ਦਾ ਕੀਤਾ ਧੰਨਵਾਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਸੰਗਰੂਰ,9 ਜੁਲਾਈ (ਜਗਸੀਰ ਲੌਂਗੋਵਾਲ ) - ਸੀਟੂ ਦੀ ਪੰਜਾਬ ਸਟੇਟ ਕਮੇਟੀ ਵੱਲੋਂ ਅੱਜ ਦੀ ਇਤੀਹਾਸਕ ਹੜਤਾਲ ਨੂੰ ਕਾਮਯਾਬ ਕਰਨ ਲਈ ਪੰਜਾਬ ਭਰ ਦੇ ਮਜਦੂਰਾ, ਕਿਸਾਨਾ, ਟਰਾਂਸਪੋਰਟ ਵਰਕਰਜ, ਆਂਗਣਵਾੜੀ ਮੁਲਾਜ਼ਮਾ, ਆਸ਼ਾ ਵਰਕਰਾ, ਪੇਂਡੂ ਚੌਕੀਦਾਰਾ, ਮਨਰੇਗ ਵਰਕਰਾਂ, ਫੈਕਟਰੀ ਵਰਕਰਾ, ਐਸ ਕੇ ਐਮ ਅਤੇ ਬੈਂਕਾ/ਬੀਮਾ ਕਰਮਚਾਰੀਆਂ ਅਤੇ ਉਹਨਾ ਦੀਆਂ ਯੂਨੀਅਨਜ ਦੇ ਆਗੂਆ ਦਾ ਧੰਨਵਾਦ ਕੀਤਾ ਗਿਆ ਹੈ। ਸੀਟੂ ਦੀ ਆਲ ਇੰਡੀਆ ਸਕੱਤਰ ਭੈਣ ਉਸ਼ਾ ਰਾਣੀ,ਸੁਬਾਈ ਪ੍ਰਧਾਨ ਮਹਾਂਸਿੰਘ ਰੌੜੀ,ਜਨਰਲ ਸਕੱਤਰ ਚੰਦਰ ਸ਼ੇਖਰ, ਵਿੱਤ ਸਕੱਤਰ ਸੁੱਚਾ ਸਿੰਘ ਅਜਨਾਲਾ ਅਤੇ ਸਾਰੇ ਸੂਬਾਈ ਅਹੁਦੇਦਾਰਾ ਨੇ ਹੜਤਾਲ ਨੂੰ ਕਾਮਯਾਬ ਬਣਾਉਣ ਲਈ ਜਥੇਬੰਦੀਆ ਦੇ ਆਗੂਆ ਅਤੇ ਸੰਬੰਧਿਤ ਅਦਾਰਿਆ ਦੇ ਵਰਕਰਾ ਦਾ ਖੁਲ੍ਹੇ ਦਿਲ ਨਾਲ ਧੰਨਵਾਦ ਕੀਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆ ਦਾ ਹੜਤਾਲ ਦੀ ਕਾਮਯਾਬੀ ਅਤੇ ਬਹੁਤਾ ਥਾਂਵਾਂ ‘ਤੇ ਲੰਗਰ ਚਲਾਉਣ ਲਈ ਵਿਸ਼ੇਸ ਧੰਨਵਾਦ ਕੀਤਾ ਗਿਆ ਹੈ। ਪਨਸਪ ਦੇ ਵਰਕਰਾ ਨੇ ਹੜਤਾਲ ਨੂੰ ਸਫਲ ਬਣਾਉਣ ਲਈ ਅਤੇ ਨਵਾਂਸ਼ਹਿਰ ਸਮੇਤ ਕਈ ਥਾਈਂ ਲੰਗਰ ਚਲਾਉਣ ਲਈ ਸ਼ਲਾਘਾ ਕੀਤੀ ਗਈ ਹੈ। ਸੀਟੂ ਨੇ ਹੜਤਾਲ ਵਿੱਚ ਭਾਗ ਲੈਣ ਲਈ ਜੀਵਨ ਬੀਮਾ ਨਿਗਮ ਅਤੇ ਬੈਂਕ ਕਰਮਚਾਰੀਆ ਦਾ ਸ਼ੁਕਰੀਆ ਕੀਤਾ ਗਿਆ ਹੈ। ਹੜਤਾਲ ਲਈ ਸਮਰਥਨ ਜੁਟਾਉਣ ਲਈ ਸਰਕਾਰੀ ਕਰਮਚਾਰੀਆ ਪ੍ਰਤੀ ਵੀ ਧੰਨਵਾਦ ਪ੍ਰਗਟ ਕੀਤਾ ਗਿਆ ਹੈ। ਸੀਟੂ ਦੇ ਆਗੂਆ ਨੇ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਅਪਣੀਆ ਮਜਦੂਰ ਵਿਰੁੱਧ ਨੀਤੀਆ ਦਾ ਤਿਆਗ ਕਰੇ ਨਹੀਂ ਦੇ ਦੇਸ਼ ਭਰ ਦੇ ਮਜਦੂਰਾ ਤੇ ਕਿਸਾਨਾ ਦੇ ਤਿੱਖੇ ਵਿਰੋਧ ਦੀ ਜਵਾਲਾ ਦਾ ਸੇਕ ਝੱਲਣ ਲਈ ਤਿਆਰ ਰਹੇ। ਸੀਟੂ ਨੇ ਭਗਵੰਤ ਸਿੰਘ ਮਾਨ ਸਰਕਾਰ ਨੂੰ ਵੀ ਕਰਵਾਉਂਦੇ ਦਿਤਾ ਹੈ ਕਿ ਉਹ ਮੋਦੀ ਦੀ ਪੈੜ ਵਿੱਚ ਪੈਰ ਧਰਨ ਦੀ ਬਜਾਏ ਮਜਦੂਰਾ-ਕਿਸਾਨਾ ਵਿਰੁੱਧ ਘਮੰਡੀਪੁਣੇ ਨੂੰ ਛੱਡ ਕੇ ਧਾਰਣ ਕੀਤੀ ਵਿਰੋਧੀ ਨੀਤੀ ਦਾ ਤਿਆਗ ਕਰਕੇ ਲੋਕ ਅਵਾਜ ਦੀ ਕਦਰ ਕਰੇ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੀ ਬੋਹਣ ਵਿਖੇ ਹੋਈ ਮੀਟਿੰਗ ‘ਚ ਅਹਿਮ ਵਿਚਾਰਾਂ ਹੋਈਆਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 9 ਜੁਲਾਈ ( ਤਰਸੇਮ ਦੀਵਾਨਾ ) ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੇਰਾ 108 ਸੰਤ ਸੀਤਲ ਦਾਸ ਬੋਹਣ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਦੌਰਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਬੇਗਮਪੁਰਾ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ , ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਦੇ ਕਾਰਜਾਂ ਦੀ ਸਮੀਖਿਆ ਕੀਤੀ।

ਇਸ ਮੌਕੇ ਸੰਤ ਨਿਰਮਲ ਦਾਸ ਨੇ ਦੱਸਿਆ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਪਾਰ ਬਖਸ਼ਿਸ਼ ਅਤੇ ਸੰਤ ਸਰਵਣ ਦਾਸ ਬੋਹਣ ਵਾਲੇ ਮਹਾਂਪੁਰਸ਼ਾਂ ਦੀ ਅਗਵਾਈ ਹੇਠ ਸਾਰੇ ਪ੍ਰੋਜੈਕਟਾਂ ਤੇ ਸੰਗਤ ਦੀ ਸੁਵਿਧਾ ਲਈ ਨਵ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਇਨ੍ਹਾਂ ਪਵਿੱਤਰ ਇਤਿਹਾਸਕ ਅਸਥਾਨਾਂ ਤੇ ਦਰਸ਼ਨ ਦੀਦਾਰੇ ਕਰਨ ਜਾਣ ਵਾਲੀਆਂ ਸੰਗਤਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨਾਂ ਕਿਹਾ ਸੁਸਾਇਟੀ ਵਲੋਂ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਾਉਣ ਲਈ ਉਸਾਰੂ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ , ਸੰਤ ਪਰਮਜੀਤ ਦਾਸ ਨਗਰ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਬੇਗਮਪੁਰਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਕੀਤੇ ਚੰਗੇ ਪ੍ਰਬੰਧਾਂ ਲਈ ਪ੍ਰਧਾਨ ਸੰਤ ਨਿਰਮਲ ਦਾਸ ਜੀ ਅਤੇ ਸਾਰੀ ਸੁਸਾਇਟੀ ਵਧਾਈ ਦੀ ਪਾਤਰ ਹੈ। ਉਨਾਂ ਕਿਹਾ ਸ੍ਰੀ ਗੁਰੂ ਰਵਿਦਾਸ ਸਦਨ ਵਿਖੇ ਸੰਗਤਾਂ ਦੀ ਆਮਦ ਨੂੰ ਦੇਖਦਿਆਂ ਰਿਹਾਇਸ਼ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ. ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ , ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਅਤੇ ਪ੍ਰਧਾਨ “ਨਾਰੀ ਸ਼ਕਤੀ ਫਾਉਡੇਸ਼ਨ ਭਾਰਤ”,ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ,ਸੰਤ ਰਜੇਸ਼ ਦਾਸ ਬਜਵਾੜਾ,ਸੰਤ ਮਨੋਹਰ ਦਾਸ, ਸੰਤ ਪ੍ਰੇਮ ਦਾਸ, ਸੰਤ ਸੰਸਾਰ ਦਾਸ, ਸੇਵਾਦਾਰ ਲਵਪ੍ਰੀਤ ਬੋਹਣ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਵੀ ਹਾਜਰ ਸਨ।

# 11 ਜੁਲਾਈ 2025 ਨੂੰ ਬਲਾਚੌਰ ਵਿਖੇ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚੇ --ਡਾ ਚਰਨਜੀਤ ਸੁਮਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਬਲਾਚੌਰ( ਚਰਨਜੀਤ ਸੱਲ੍ਹਾਂ )ਸਾਰੇ ਸਾਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਹਲਕਾ ਵਿਧਾਨ ਸਭਾ ਬਲਾਚੌਰ ਵੱਲੋਂ ਇੱਕ ਰੋਸ ਮੁਜ਼ਾਰਾ ਕੇਂਦਰ ਤੇ ਪੰਜਾਬ ਦੀ ਸਰਕਾਰ ਦੇ ਖਿਲਾਫ 11 ਜੁਲਾਈ 2025 ਦਿਨ ਸ਼ੁਕਰਵਾਰ ਨੂੰ ਬਲਾਚੌਰ ਵਿਖੇ ਕੀਤਾ ਜਾਵੇਗਾ। ਇਹ ਰੋਸ ਮੁਜ਼ਾਹਰਾ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਨਕਾਮੀਆਂ ਦੇ ਖਿਲਾਫ ਦਿੱਤਾ ਜਾਏਗਾ. ਇਸ ਸਬੰਧੀ ਸਾਰੇ ਸਾਥੀ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਗਹੂੰਣ ਰੋਡ ਬਲਾਚੌਰ ਵਿਖੇ ਪਹੁੰਚਣ ਦੀ ਕਿਰਪਾਲਤਾ ਕਰਨ .

ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਬਲਾਚੌਰ . ਮਿਤੀ 11.07.2025 ਸਮਾਂ ਸਵੇਰੇ 10 ਵਜੇ ਦਿਨ ਸ਼ੁਕਰਵਾਰ




ਚਰਨਜੀਤ ਸੁਮਨ

ਤਹਿਸੀਲ ਪ੍ਰਧਾਨ ਵਿਧਾਨ ਸਭਾ ਹਲਕਾ ਬਲਾਚੌਰ

# ਭਾਰਤ ਬੰਦ ਦੇ ਸੱਦੇ ਨੂੰ ਮੋਰਿੰਡਾ ਵਿਖੇ ਭਰਵਾਂ ਹੁੰਗਾਰਾ

## ਬਿਜਲੀ ਬੋਰਡ ਦੇ ਦਫ਼ਤਰਾਂ ਚ ਸਨਾਟਾ ਛਾਇਆ ਰਿਹਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 9 ਜੁਲਾਈ (ਪਤਰ ਪ੍ਰੇਰਕ) ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਵਲੋਂ ਦਿਤੇ ਭਾਰਤ ਬੰਦ ਦੇ ਸੱਦੇ ਨੂੰ ਅਜ ਮੋਰਿੰਡਾ ਵਿਖੇ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਮ ਐਸ ਯੂ ਦੇ ਸੁਬਾਈ ਆਗੂ ਸੁਖਵਿੰਦਰ ਸਿੰਘ ਦੁਮਣਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਮਲਾਗਰ ਸਿੰਘ ਖਮਾਣੋਂ ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਦੀ ਯੂਨੀਅਨ ਦੇ ਆਗੂ ਬਲਿਹਾਰ ਸਿੰਘ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ, ਮੁਲਾਜਮ, ਮਜਦੂਰ, ਕਿਸਾਨ ਤੇ ਹਰ ਛੋਟੇ ਦੁਕਾਨਦਾਰ ਵਿਰੋਧੀ ਨੀਤੀਆਂ ਦੇ ਖਿਲਾਫ ਕੇਂਦਰੀ ਟ੍ਰੇਡ ਯੂਨੀਅਨਾਂ ਏਟਕ, ਸੀਟੂ , ਇੰਟਕ, ਐਚ ਐਮ ਐਸ, ਇੰਨਟੁਕ, ਟੀ ਯੂ ਸੀ ਸੀ,ਐਸ ਈ ਡਵਲੀਓ ਏ, ਇਕਟੂ, ਐਲ ਪੀ ਐਫ, ਯੂ ਟੀਮ ਯੂ ਸੀ, ਅਤੇ ਇਫਟੂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ, ਵਲੋਂ ਦੇਸ਼ ਪੱਧਰੀ ਇਕ ਰੋਜ਼ਾ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਜਦੋਂ ਕਿ ਆਰ ਐਸ ਐਸ ਨਾਲ ਸਬੰਧਤ ਭਾਰਤੀ ਮਜ਼ਦੂਰ ਸੰਘ ਇਸ ਹੜਤਾਲ ਵਿੱਚ ਸ਼ਾਮਲ ਨਹੀਂ ਹੋਇਆ। ਇਸ ਹੜਤਾਲ ਵਿੱਚ ਪੂਰੇ ਦੇਸ਼ ਦੇ ਹਰ ਤਬਕੇ ਦੇ ਮਜਦੂਰਾਂ, ਮੁਲਾਜ਼ਮਾਂ, ਕਿਰਤੀਆਂ, ਕਿਸਾਨਾਂ, ਖੇਤ ਮਜਦੂਰਾਂ, ਪ੍ਰਾਈਵੇਟ ਸੰਨਤੀ ਮਜਦੂਰਾਂ ਵਲੋਂ ਹਿਸਾ ਲਿਆ ਗਿਆ ।ਇਸ ਹੜਤਾਲ ਵਿੱਚ ਸਮੁੱਚੇ ਅਦਾਰਿਆਂ ਦੇ ਕਰਮਚਾਰੀਆਂ ਦੇ ਹੜਤਾਲੀ ਕਾਮਿਆਂ ਦੇ ਨਾਲ-ਨਾਲ ਪੈਨਸ਼ਨਰ, ਕਿਸਾਨ, ਮਜ਼ਦੂਰ ਯੂਨੀਅਨਾਂ, ਫੈਕਟਰੀਆਂ ਦੇ ਕਾਮੇਂ ਅਤੇ ਦੁਕਾਨਦਾਰ ਵੀ ਸ਼ਾਮਲ ਹੋਏ ਅਤੇ ਦਫਤਰਾਂ ਅਗੇ ਗੇਟ ਰੈਲੀਆਂ ਕਰਕੇ ਕੇਂਦਰ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਹਨਾਂ ਨੀਤੀਆਂ ਨੂੰ ਵਾਪਸ ਲੈਣ ਦੀ ਮੰਗ ਕੀਤੀ। ਭਾਰਤ ਬੰਦ ਦੌਰਾਨ ਅੱਜ ਮੋਰਿੰਡਾ ਵਿਖੇ ਪਾਵਰਕੌਮ, ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਮੁਕੰਮਲ ਹੜਤਾਲ ਕੀਤੀ। ਇਥੋਂ ਤੱਕ ਕਿ ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਦੀ ਯੂਨੀਅਨ ਦੇ ਸਾਰੇ ਮੁਲਾਜ਼ਮਾਂ ਨੇ ਕੰਮ ਤੇ ਨਾ ਜਾ ਕੇ ਹੜਤਾਲ ਵਿੱਚ ਪੂਰਨ ਤੌਰ ਤੇ ਹਿਸਾ ਪਾਇਆ ।ਬਿਜਲੀ ਦਫ਼ਤਰਾਂ ਵਿੱਚ ਸਨਾਟਾ ਛਾਇਆ ਹੋਈਆਂ ਸੀ। ਇਸੇ ਤਰ੍ਹਾਂ ਫੈਡਰਲ ਬੈਂਕ ਮੁਕੰਮਲ ਬੰਦ ਰਿਹਾ ਜਦੋਂ ਕਿ ਬਾਕੀ ਬੈਂਕਾਂ ਵਿੱਚ ਵੀ ਬੰਦ ਦਾ ਅਸਰ ਵੇਖਣ ਨੂੰ ਮਿਲਿਆ। ਇਸੇ ਤਰ੍ਹਾਂ ਸੀਵਰੇਜ ਅਤੇ ਵਾਟਰ ਸਪਲਾਈ ਦੇ ਮੁਲਾਜ਼ਮਾਂ ਨੇ ਵੀ ਹੜਤਾਲ ਵਿੱਚ ਸ਼ਾਮਲ ਹੋ ਕੇ ਅਪਣਾ ਬਣਦਾ ਹਿੱਸਾ ਪਾਇਆ। ਆਸ਼ਾ ਵਰਕਰ ਯੂਨੀਅਨ ਅਤੇ ਆਂਗਨਵਾੜੀ ਵਰਕਰਾਂ ਨੇ ਵੀ ਹੜਤਾਲ ਵਿੱਚ ਬਣਦਾ ਹਿੱਸਾ ਪਾਇਆ। ਸੜਕਾਂ ਤੇ ਸਰਕਾਰੀ ਬੱਸਾਂ ਨਹੀਂ ਚਲੀਆਂ । ਇਸੇ ਤਰ੍ਹਾਂ ਪ੍ਰਾਈਵੇਟ ਬੱਸਾਂ ਵੀ ਘੱਟ ਹੀ ਵੇਖਣ ਨੂੰ ਮਿਲੀਆਂ। ਸਰਕਾਰੀ ਦਫਤਰ ਭਾਵੇਂ ਖੁੱਲੇ ਵੇਖੇ ਗਏ ਪ੍ਰੰਤੂ ਕੰਮਾਂ ਕਾਰਾਂ ਵਾਲੇ ਲੋਕ ਹੜਤਾਲ ਦੇ ਸੱਦੇ ਕਾਰਨ ਬਾਹਰ ਘੱਟ ਨਿਕਲੇ। ਉਪਰੋਕਤ ਮੁਲਾਜ਼ਮ ਆਗੂਆਂ ਨੇ ਭਾਰਤ ਬੰਦ ਨੂੰ ਸਫਲ ਬਣਾਉਣ ਵਾਲੇ ਮਜ਼ਦੂਰਾਂ, ਮੁਲਾਜ਼ਮਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।

# ਸ਼ਾਂਤੀ ਨਗਰ ‘ਚ ਮੀਂਹ ਪ੍ਰਭਾਵਿਤ ਪਰਿਵਾਰਾਂ ਨੂੰ ਰੈੱਡ ਕਰਾਸ ਨੇ ਰਾਹਤ ਸਮੱਗਰੀ ਵੰਡੀ

## ਜ਼ਿਲ੍ਹਾ ਪ੍ਰਸ਼ਾਸਨ ਤੇ ਰੈੱਡ ਕਰਾਸ ਟੀਮ ਨੇ ਕੀਤਾ ਸਾਂਝਾ ਸਰਵੇਖਣ , ਰਾਸ਼ਨ ਕਿੱਟਾਂ, ਗੱਦੇ ਅਤੇ ਹਾਈਜਿਨ ਕਿੱਟਾਂ ਵੰਡੀਆਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹੇ ਵਿੱਚ ਭਾਰੀ ਬਾਰਿਸ਼ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ। ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ, ਜਿਸ ਵਿੱਚੋਂ ਸ਼ਾਂਤੀ ਨਗਰ ਦੇ ਨੇੜੇ ਅਸਲਾਮਾਬਾਦ ਇਲਾਕਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਘਰਾਂ ਅਤੇ ਗਲੀਆਂ ਵਿੱਚ ਪਾਣੀ ਭਰਨ ਕਾਰਨ ਲੋਕਾਂ ਦਾ ਰੋਜ਼ਾਨਾ ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਹੋਇਆ। ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ-ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੇ ਨਿਰਦੇਸ਼ਾਂ ‘ਤੇ 7 ਜੁਲਾਈ ਨੂੰ ਰੈੱਡ ਕਰਾਸ ਸੁਸਾਇਟੀ ਵੱਲੋਂ ਇੱਕ ਸਰਵੇਖਣ ਮੁਹਿੰਮ ਚਲਾਈ ਗਈ। ਇਸ ਸਰਵੇਖਣ ਵਿੱਚ ਰੈੱਡ ਕਰਾਸ ਵਿਖੇ ਇੰਟਰਨਸ਼ਿਪ ਕਰ ਰਹੇ ਵਲੰਟੀਅਰਾਂ, ਸਟਾਫ਼ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਬਾਰਿਸ਼ ਕਾਰਨ ਇਲਾਕੇ ਵਿੱਚ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਸੀ। ਲੋਕਾਂ ਦੇ ਘਰਾਂ ਵਿੱਚ ਪਾਣੀ ਭਰਨ ਕਾਰਨ ਬਿਸਤਰੇ, ਗੱਦੇ, ਕੱਪੜੇ ਅਤੇ ਹੋਰ ਜ਼ਰੂਰੀ ਸਮਾਨ ਤਬਾਹ ਹੋ ਗਿਆ ਸੀ। ਖਾਣ-ਪੀਣ ਦੀਆਂ ਚੀਜ਼ਾਂ ਦੀ ਵੀ ਭਾਰੀ ਘਾਟ ਸੀ।

ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਅਕਸ਼ੈ ਸ਼ਰਮਾ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਅਰਿਤਿਕਾ ਧਾਰਾ ਸਮੇਤ ਰੈਡ ਕਰਾਸ ਵਿਚ ਇੰਟਰਸ਼ਿਪ ਕਰ ਰਹੇ ਕਈ ਵਲੰਟੀਅਰਾਂ ਵਲੋਂ ਪੀੜਤ ਪਰਿਵਾਰਾਂ ਦੀ ਸੂਚੀ ਤਿਆਰ ਕੀਤੀ ਗਈ। ਇਸ ਸੂਚੀ ਦੇ ਆਧਾਰ ‘ਤੇ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਰੈੱਡ ਕਰਾਸ ਵੱਲੋਂ ਲੋੜਵੰਦਾਂ ਨੂੰ ਰਾਸ਼ਨ ਕਿੱਟਾਂ, ਗੱਦੇ, ਹਾਈਜਿਨ ਕਿੱਟਾਂ ਅਤੇ ਟਰਟਸ਼ਾਈ ਪ੍ਰਿੰਟ ਮੱਛਰਦਾਨੀ ਆਦਿ ਵਰਗੀਆਂ ਜ਼ਰੂਰੀ ਚੀਜ਼ਾਂ ਵੰਡੀਆਂ ਗਈਆਂ।

ਇਸ ਮੌਕੇ ਰੈੱਡ ਕਰਾਸ ਦੇ ਸੰਯੁਕਤ ਸਕੱਤਰ ਆਦਿਤਿਆ ਰਾਣਾ, ਪਿੰਡ ਦੇ ਸਰਪੰਚ ਜਸਵੀਰ ਸਿੰਘ (ਜੱਸੀ), ਸੰਦੀਪ ਚੇਚੀ, ਪਵਨ ਸੈਣੀ ਅਤੇ ਕਈ ਪ੍ਰਭਾਵਿਤ ਪਰਿਵਾਰ ਮੌਜੂਦ ਸਨ।

ਸ੍ਰੀ ਸੂਦ ਨੇ ਅੱਗੇ ਕਿਹਾ ਕਿ ਰੈੱਡ ਕਰਾਸ ਸੋਸਾਇਟੀ ਦਾ ਕੰਮ ਜਨਤਕ ਸਹਿਯੋਗ ਅਤੇ ਦਾਨ ‘ਤੇ ਅਧਾਰਤ ਹੈ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੁਦਰਤੀ ਆਫ਼ਤ ਦੌਰਾਨ ਵਿੱਤੀ ਜਾਂ ਕਿਸੇ ਹੋਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਕੇ ਰੈੱਡ ਕਰਾਸ ਦੇ ਇਸ ਜਨਤਕ ਸੇਵਾ ਕਾਰਜ ਵਿੱਚ ਯੋਗਦਾਨ ਪਾਉਣ, ਤਾਂ ਜੋ ਪੀੜਤਾਂ ਨੂੰ ਨਿਰੰਤਰ ਰਾਹਤ ਪ੍ਰਦਾਨ ਕੀਤੀ ਜਾ ਸਕੇ। ਚਾਹਵਾਨ ਵਿਅਕਤੀ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਰੈੱਡ ਕਰਾਸ ਦਫ਼ਤਰ, ਜੋਧਾ ਮੇਲ ਰੋਡ, ਸਿਵਲ ਲਾਈਨਜ਼, ਹੁਸ਼ਿਆਰਪੁਰ ਵਿਚ ਸੰਪਰਕ ਕਰ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਸੀਟੂ ਸਮੇਤ ਵੱਖ ਵੱਖ ਜਨਤਕ ਜਥੇਬੰਦੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਮੌਕੇ ਡੀ ਸੀ ਦਫ਼ਤਰ ਵੱਲ ਕੀਤਾ ਪ੍ਰਭਾਵਸ਼ਾਲੀ ਰੋਸ ਮਾਰਚ ਅਤੇ ਪ੍ਰਦਰਸ਼ਨ

## ਮੋਦੀ ਸਰਕਾਰ ਅਮਰੀਕੀ ਸਾਮਰਾਜ ਦੇ ਹੱਥਾਂ ਦੀ ਕਠਪੁੱਤਲੀ ਹੋਈ ਸਾਬਤ ,,,- ਟਰੇਡ ਯੂਨੀਅਨ ਆਗੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਮਾਨਸਾ - 9 ਜੁਲਾਈ - (ਆਤਮਾ ਸਿੰਘ ਪਮਾਰ ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਅਤੇ ਵੱਖ ਵੱਖ ਜਨਤਕ ਜੱਥੇਬੰਦੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਸਥਾਨਕ ਬਾਲ ਭਵਨ ਵਿਖੇ ਭਰਵਾਂ ਇਕੱਠ ਕਰਨ ਉਪਰੰਤ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਵੱਲ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਵੀ ਕੀਤਾ। ਇਸ ਰੋਸ ਪ੍ਰਦਰਸ਼ਨ ਦੌਰਾਨ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀਆਂ ਵਰਕਰਾਂ ਨੇ ਵੀ ਵੱਡੀ ਗਿਣਤੀ ‘ਸਮੂਲੀਅਤ ਕੀਤੀ।

ਇਕੱਤਰਤਾ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ , ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜ਼ਿਲ੍ਹਾ ਪ੍ਰਧਾਨ ਬੀਬੀ ਰਣਜੀਤ ਕੌਰ ਬਰੇਟਾ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਦੇ ਸੂਬਾ ਸਕੱਤਰ ਅਮਰਜੀਤ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਇਤਿਹਾਸਕ ਹੜਤਾਲ



‘ਚ ਅਮਰੀਕਾ ਸਾਮਰਾਜ ਦੀ ਕਠਪੁੱਤਲੀ ਕੇਂਦਰ ਸਰਕਾਰ ਦੀਆਂ ਮਜ਼ਦੂਰ, ਕਿਸਾਨ , ਮੁਲਾਜ਼ਮ ਸਮੇਤ ਹਰ ਵਰਗ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਦੇ ਕਰੋੜਾਂ ਲੋਕਾਂ ਨੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਅਤੇ ਦੇਸ਼ ਦੇ ਕੋਨੇ ਕੋਨੇ ਵਿੱਚ ਰੋਸ ਪ੍ਰਦਰਸ਼ਨਾਂ ਰਾਹੀਂ ਕੇਂਦਰੀ ਅਤੇ ਰਾਜ ਸਰਕਾਰ ਵੱਲੋਂ ਕੀਤੇ ਜਾ ਰਹੇ ਜਬਰ ਦਾ ਚੁਰਾਹੇ ਵਿਚ ਭਾਂਡਾ ਭੰਨਿਆ ਹੈ।।

ਆਗੂਆਂ ਨੇ ਕਿਹਾ ਕਿ ਦੇਸ਼ ਭਰ ਵਿੱਚ ਪੋਸ਼ਣ ਟਰੈਕ ਦੇ ਨਾਂਅ ‘ਤੇ ਆਂਗਣਵਾੜੀ ਵਰਕਰਾਂ ਹੈਲਪਰਾਂ ਦਾ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਲਾਭਪਾਤਰੀਆਂ ਨੂੰ ਲਾਭਾਂ ਤੋਂ ਵਾਂਝੇ ਰੱਖਣ ਦੇ ਮਨਸੂਬੇ ਘੜੇ ਜਾ ਰਹੇ ਹਨ।

ਉਨ੍ਹਾਂ ਮੰਗ ਕੀਤੀ ਕਿ ਕਿਰਤੀਆਂ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਕੇ ਪਹਿਲੇ ਚੱਲ ਰਹੇ ਕਿਰਤ ਕਾਨੂੰਨ ਮੁੜ ਤੋਂ ਬਹਾਲ ਕੀਤੇ ਜਾਣ।

ਇਸ ਮੌਕੇ ਆਂਗਣਵਾੜੀ ਆਗੂ ਅਵਿਨਾਸ਼ ਕੌਰ ਮਾਨਸਾ , ਛਿੰਦਰਪਾਲ ਕੌਰ ਬਰੇਟਾ , ਡੇਜ਼ੀ ਗੁਪਤਾ ਸ਼ੇਰਖਾਂ , ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕਾ. ਜਸਵੰਤ ਸਿੰਘ ਬੀਰੋਕੇ , ਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾ. ਤੇਜਾ ਸਿੰਘ ਹੀਰਕੇ , ਕਾ. ਗੁਰਪ੍ਰੀਤ ਸਿੰਘ ਬਰਨ ਅਤੇ ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਮੰਡਲ ਮਾਨਸਾ ਦੇ ਪ੍ਰਧਾਨ ਲੱਖਣ ਲਾਲ ਮੌੜ , ਮੰਡਲ ਸਕੱਤਰ ਕਾ. ਦਰਸ਼ਨ ਸਿੰਘ ਜੋਗਾ ਨੇ ਬੋਲਦਿਆਂ ਕਿਹਾ ਕਿ ਮਜ਼ਦੂਰਾਂ ਦੀ ਆਰਥਿਕਤਾ ਨੂੰ ਸੁਧਾਰਨ, ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਘੱਟੋ ਘੱਟ ਵੇਤਨ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੈਅ ਕੀਤਾ ਜਾਵੇ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਖੇਤੀ ਜਿਣਸਾਂ ਦੀ ਖਰੀਦ ਸਬੰਧੀ ਘੱਟੋ ਘੱਟ ਸਮੱਰਥਨ ਮੁੱਲ (ਐਮ.ਐਸ.ਪੀ) ਦੀ ਕਾਨੂੰਨੀ ਗਰੰਟੀ ਦੇਣ , ਖੇਤ ਮਜ਼ਦੂਰਾਂ ਤੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਮੁਆਫ਼ ਕਰਨ , 60 ਸਾਲ ਤੋਂ ਉੱਪਰ ਉਮਰ ਦੇ ਕਿਰਤੀ-ਕਿਸਾਨ ਨੂੰ 10 ਹਜ਼ਾਰ ਰੁਪਏ ਮਾਸਿਕ ਪੈਨਸ਼ਨ ਦਿੱਤੀ ਜਾਵੇ।

ਇਸ ਸਮੇਂ ਦਲਜੀਤ ਕੌਰ ਮਾਨਸਾ , ਸ਼ਰਨਜੀਤ ਕੌਰ ਸਰਦੂਲਗੜ੍ਹ ,ਕਾ. ਸੰਤ ਰਾਮ ਬੀਰੋਕੇ , ਕਾ. ਗੁਰਜੰਟ ਸਿੰਘ ਕੋਟੜਾ , ਕਾ. ਬਲਜੀਤ ਸਿੰਘ ਖੀਵਾ , ਕਾ. ਜਗਦੇਵ ਸਿੰਘ ਢੈਪਈ , ਕਾ. ਰੂਪ ਸਿੰਘ ਬਰੇਟਾ , ਕਾ. ਜਗਦੇਵ ਸਿੰਘ ਖੀਵਾ,ਮਨਜੀਤ ਕੌਰ ਬੀਰੋਕੇ , ਗੁਰਮੀਤ ਕੌਰ ਟਾਹਲੀਆਂ , ਰਜਨੀ ਰਾਣੀ ਬਰੇ , ਸੁਮਨ ਲਤਾ ਬਰੇਟਾ , ਗੁਰਪਾਲ ਕੌਰ ਖੁਡਾਲ , ਮੋਨਾ ਰਾਣੀ ਬੁਢਲਾਡਾ , ਕੈਲਾਸ਼ ਦੇਵੀ ਸਰਦੂਲਗੜ੍ਹ , ਗੋਲੋ ਦੇਵੀ ਸਰਦੂਲਗੜ੍ਹ ਆਦਿ ਆਗੂ ਵੀ ਹਾਜ਼ਰ ਸਨ।

ਇਸ ਮੌਕੇ ਟਰੇਡ ਯੂਨੀਅਨਾਂ ਦੇ ਆਗੂਆਂ ਵੱਲੋਂ ਤਹਿਸੀਲਦਾਰ ਮਾਨਸਾ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।

# ਸ਼ੇਖੂਪੁਰ ਪਿੰਡ ਵਿੱਚ ਮਕਾਨਾਂ ਨਾਲ ਖਹਿ ਰਹੀਆਂ ਤਾਰਾ ਕਾਰਨ ਵਾਪਰ ਸਕਦਾ ਹੈ ਕੋਈ ਵੀ ਹਾਦਸਾ

## *ਅਗਰ ਮਸਲਾ ਹੱਲ ਨਾ ਹੋਇਆ ਤਾਂ ਹੋਵੇਗਾ ਸੰਘਰਸ਼:- ਅਮਰਜੀਤ ਲਾਡੀ/ਸੋਮ ਨਾਥ ਸ਼ੇਖੂਪੁਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਜੁਲਾਈ
INTERNATIONAL PAPER, 94636 01616
hardipchumber57@gmail.com

ਫਿ ਲੌ ਰ / ਅੱ ਪ ਰਾ (ਦੀਪਾ)-ਅੱਜ ਪਿੰਡ ਸ਼ੇਖੂਪਰ ਤਹਿਸੀਲ ਫਿਲੌਰ ਵਿਖੇ ਲੋਕਾਂ ਵਲੋਂ ਲੋਕ ਇਨਸਾਫ਼ ਮੰਚ ਦੇ ਆਗੂਆਂ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ, ਏਥੇ ਵਸਦੇ ਕਈ ਘਰਾਂ ਵਲੋਂ ਦੱਸਿਆ ਗਿਆ ਕਿ ਸਾਡੇ ਘਰਾਂ ਉੱਪਰ ਦੀ ਬਿਜ਼ਲੀ ਦੀਆਂ ਤਾਰਾਂ ਕਾਫੀ ਲੰਬੇ ਸਮੇਂ ਤੋਂ ਲੰਘ ਰਹੀਆਂ ਹਨ ਜਿਸ ਕਾਰਨ ਸਾਡੀ ਜਾਨ ਦਾ ਖਤਰਾ ਬਣਿਆ ਹੋਇਆ ਹੈ। ਇਸ ਸੰਬੰਧੀ ਲੋਕਾਂ ਨੇ ਦਸਿਆ ਕਿ ਜਦੋਂ ਤੋਂ ਓਹ ਪਿੰਡ ਵਿੱਚ ਰਹਿੰਦੇ



ਹਨ ਉਦੋਂ ਤੋਂ ਹੀ ਮਸਲੇ ਦੇ ਹੱਲ ਲਈ ਬੇਨਤੀਆਂ ਕਰ ਰਹੇ ਹਨ ਪਰ ਕਿਸੇ ਨੇ ਅੱਜ ਤੱਕ ਉਕਤ ਸਮੱਸਿਆ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ। ਬੱਚੇ ਖੇਡਣ ਵਾਸਤੇ ਮਕਾਨ ਦੀ ਛੱਤ ਤੇ ਵੀ ਨਹੀਂ ਜਾ ਸਕਦੇ, ਹੋਰ ਤਾਂ ਹੋਰ ਦੂਸਰੀ ਮੰਜਿਲ ਪਾਉਣ ਤੋਂ ਵੀ ਬਹੁਤ ਸਾਰੇ ਲੋਕ ਅਵਾਜ਼ਾਰ ਹਨ। ਓਹਨਾ ਕਿਹਾ ਕਿ ਹਰ ਵਾਰ ਵੋਟਾਂ ਲੈਣ ਵਾਲੇ ਜਰੂਰ ਆਉਂਦੇ ਹਨ ਪਰ ਸਾਡੀਆਂ ਮੁਸ਼ਕਲਾਂ ਦੇ ਹੱਲ ਵਾਸਤੇ ਕੋਈ ਨਹੀਂ ਕਦੇ ਆਇਆ। ਓਹਨਾ ਕਿਹਾ ਕਿ ਸਾਡਾ ਮਸਲਾ ਪਹਿਲ ਦੇ ਆਧਾਰ ਤੇ ਹੱਲ ਕਰਵਾਇਆ ਜਾਵੇ।

ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ, ਮੁੱਖ, ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਅਮਰਜੀਤ ਲਾਡੀ ਮਹਿਸਮਪੁਰ, ਡਾਕਟਰ ਕੁਲਦੀਪ ਦਾਰਾਪੁਰ, ਸੋਮ ਨਾਥ ਸ਼ੇਖੂਪੁਰ ,ਨੇ ਆਖਿਆ ਕਿ ਅਗਰ ਬਿਜਲੀ ਮਹਿਕਮੇ ਨੇ ਸਮੱਸਿਆ ਦਾ ਹੱਲ ਨਹੀਂ ਕੀਤਾ ਤਾਂ ਲੋਕਾਂ ਨੂੰ ਨਾਲ ਲੈਕੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਮਨਜੀਤ ਸਿੰਘ, ਪੰਚ ਬਿੰਦਰ, ਅਮਨਦੀਪ, ਗੋਬਿੰਦ, ਸੁੱਚਾ ਸਿੰਘ, ਡਾਕਟਰ ਸਤਨਾਮ, ਮੋਹਨ ਲਾਲ, ਅਮਰਦੀਪ ਸਿੰਘ, ਸੀਤਲ ਰਾਮ, ਬਲਵੀਰ ਰਾਮ, ਸੰਦੀਪ ਕੁਮਾਰ, ਸਰਵਣ ਰਾਮ, ਰਾਮ ਕਿਸ਼ਨ, ਗੁਰਨਾਮ, ਨਰੇਸ਼ ਕੁਮਾਰ, ਧਰਮਵੀਰ, ਮਨਜੀਤ ਕੁਮਾਰ, ਪਿਆਰ ਕੌਰ, ਅਮਨਦੀਪ ਕੌਰ, ਲਖਵੀਰ ਰਾਮ, ਜਸਵਿੰਦਰ ਕੌਰ, ਰੇਸ਼ਮ ਕੌਰ, ਬਲਜੀਤ ਕੌਰ, ਲਵਲੀਨ ਕੌਰ, ਜੈਸਮੀਨ, ਬਿੰਦਰ ਕੌਰ, ਅਤੇ ਤਮੰਨਾ ਆਦਿ ਹਾਜ਼ਰ ਸਨ।

## ਸਫਾ 1 ਦੀ ਖਬਰ ਦਾ ਬਾਕੀ ਭਾਗ

ਸੰਜੀਵ ਅਰੋੜਾ ਅਤੇ ਮਕਾਨ ਉਸਾਰੀ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਉਦਯੋਗਿਕ ਕ੍ਰਾਂਤੀ ਤਹਿਤ ਕਰਵਾਏ ਗਏ ਸੰਮੇਲਨ ਦੌਰਾਨ ਸਨਅਤਕਾਰਾਂ ਨਾਲ ਕੀਤੇ ਗਏ ਸਾਰੇ ਵਾਅਦੇ ਛੇਤੀ ਹੀ ਪੂਰੇ ਕੀਤੇ ਜਾਣਗੇ ਤਾਂ ਜੋ ਸੂਬੇ ਵਿੱਚ ਵੱਧ ਤੋਂ ਵੱਧ ਉਦਯੋਗ ਸਥਾਪਤ ਹੋ ਸਕਣ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਅਥਾਹ ਮੌਕੇ ਪੈਦਾ ਹੋ ਸਕਣ।

ਉਦਯੋਗ ਅਤੇ ਵਣਜ ਵਿਭਾਗ ਦੇ ਨੋਟੀਫਿਕੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਸਾਡਾ ਉਦੇਸ਼ ਪੀ.ਐਸ.ਆਈ.ਈ.ਸੀ. ਦੇ ਅਧਿਕਾਰ ਖੇਤਰ ਅਧੀਨ ਲੀਜ਼ਹੋਲਡ ਉਦਯੋਗਿਕ ਪਲਾਟਾਂ/ਸ਼ੈੱਡਾਂ ਦਾ ਫ੍ਰੀ ਹੋਲਡ ਵਿੱਚ ਤਬਾਦਲਾ ਕਰਨ ਲਈ ਇੱਕ ਪ੍ਰਗਤੀਸ਼ੀਲ ਅਤੇ ਸੁਚੱਜੀ ਵਿਧੀ ਸਥਾਪਤ ਕਰਨਾ ਹੈ ਜੋ ਸੂਬੇ ਦੇ ਮਾਲੀਏ ਵਿੱਚ ਵਾਧਾ ਕਰਨ ਦੇ ਨਾਲ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਵਧਾਏਗਾ ਅਤੇ ਸੂਬੇ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਲਿਆਵੇਗਾ।

ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਇਸ ਗੱਲ ‘ਤੇ ਚਾਨਣਾ ਪਾਇਆ ਕਿ ਲੀਜ਼ਹੋਲਡ ਤੋਂ ਫ੍ਰੀ ਹੋਲਡ ਪਲਾਟਾਂ ਵਿੱਚ ਤਬਾਦਲਾ ਕਰਨ ਲਈ ਪੂਰਵ-ਸ਼ਰਤਾਂ ਜਿਸ ਵਿੱਚ ਪਲਾਟ ਦੀ ਮੂਲ ਕੀਮਤ ਲਾਗੂ ਵਿਆਜ ਸਮੇਤ ਪੂਰੀ ਤਰ੍ਹਾਂ ਅਦਾ ਕੀਤੀ ਜਾਣੀ ਚਾਹੀਦੀ ਹੈ, ਹੋਰ ਸਾਰੇ ਲਾਗੂ ਬਕਾਏ ਜਿਵੇਂ ਕਿ ਐਕਸਟੈਂਸ਼ਨ ਫੀਸ, ਜ਼ਮੀਨ ਦੀ ਕੀਮਤ ਵਿੱਚ ਵਾਧਾ (ਲਾਗੂ ਵਿਆਜ ਦੇ ਨਾਲ) ਆਦਿ ਦਾ ਅੱਪ ਟੂ ਡੇਟ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਪਲਾਟ ਕਿਸੇ ਵੀ ਹੋਰ ਗਿਰਵੀਨਾਮੇ/ਅਧਿਕਾਰੀ, ਕਾਨੂੰਨੀ ਦੇਣਦਾਰੀਆਂ ਆਦਿ ਸਮੇਤ ਸਾਰੀਆਂ ਦੇਣਦਾਰੀਆਂ ਤੋਂ ਮੁਕਤ ਹੋਣੇ ਚਾਹੀਦੇ ਹਨ।

ਸ੍ਰੀ ਸੰਜੀਵ ਅਰੋੜਾ ਨੇ ਅੱਗੇ ਦੱਸਿਆ ਕਿ ਲੀਜ਼ਹੋਲਡ ਤੋਂ ਫ੍ਰੀਹੋਲਡ ਪਲਾਟਾਂ ਵਿੱਚ ਤਬਾਦਲਾ ਕਰਨ ਲਈ ਤਬਾਦਲਾ ਫੀਸ ਮੌਜੂਦਾ ਰਾਖਵੀਂ ਕੀਮਤ (ਸੀ.ਆਰ.ਪੀ.) ਜਾਂ ਕੁਲੈਕਟਰ ਦਰ ਜੋ ਵੀ ਵੱਧ ਹੋਵੇ, ਦਾ 20 ਫ਼ੀਸਦ ਹੋਵੇਗੀ। ਹੇਠ ਲਿਖੀਆਂ ਛੋਟਾਂ ਦੀ ਮਨਜ਼ੂਰੀ ਹੋਵੇਗੀ:

1) ਕਿਸੇ ਵੀ ਟਾਇਟਲ ਦਸਤਾਵੇਜ਼ ਵਿੱਚ ਜਿੱਥੇ ਅਣ-ਅਰਜਿਤ ਵਾਧੇ ਸਬੰਧੀ ਧਾਰਾ ਮੌਜੂਦ ਹੈ, ਉੱਥੇ ਮੂਲ ਅਲਾਟੀ/ਪੱਟੇਦਾਰ ਨੂੰ 50 ਫ਼ੀਸਦੀ ਛੋਟ (ਲਾਗੂ ਦਰ ਸੀ.ਆਰ.ਪੀ./ਕੁਲੈਕਟਰ ਦਰ ਜੋ ਵੀ ਵੱਧ ਹੋਵੇ, ਦਾ 10 ਫ਼ੀਸਦ) ਦਿੱਤੀ ਜਾਵੇਗੀ।

2) ਅਲਾਟੀਆਂ/ਪੱਟੇਦਾਰਾਂ ਨੂੰ 75 ਫ਼ੀਸਦ ਛੋਟ (ਲਾਗੂ ਦਰ ਸੀ.ਆਰ.ਪੀ./ਕੁਲੈਕਟਰ ਦਰ ਜੋ ਵੀ ਵੱਧ ਹੋਵੇ ਦਾ 5 ਫ਼ੀਸਦ) ਜਿੱਥੇ ਅਣ-ਅਰਜਿਤ ਵਾਧਾ ਜਾਂ ਸੰਬੰਧਿਤ ਧਾਰਾ ਦਾ ਕਿਸੇ ਵੀ ਟਾਈਟਲ ਦਸਤਾਵੇਜ਼ ਵਿੱਚ ਜ਼ਿਕਰ ਨਹੀਂ ਹੈ। ਤਬਾਦਲੇ ਖਰਚੇ ਦਾ 90 ਫ਼ੀਸਦ ਸੂਬੇ ਦੇ ਖਜ਼ਾਨੇ ਵਿੱਚ ਅਤੇ ਬਾਕੀ 10 ਫ਼ੀਸਦ ਪੀ.ਐਸ.ਆਈ.ਈ.ਸੀ. ਕੋਲ ਜਾਵੇਗਾ।

3) ਅਣ-ਅਰਜਿਤ ਵਾਧਾ ਵੱਖਰੇ ਤੌਰ ‘ਤੇ ਨਹੀਂ ਵਸੂਲਿਆ ਜਾਵੇਗਾ ਅਤੇ ਇਸ ਨੂੰ ਫ੍ਰੀਹੋਲਡ ਪਲਾਟਾਂ ਵਿੱਚ ਤਬਾਦਲੇ ‘ਤੇ ਉਦਯੋਗਿਕ ਪਲਾਟਾਂ ‘ਤੇ ਲਗਾਈ ਗਈ ਉਕਤ ਤਬਾਦਲਾ ਫੀਸਾਂ ਵਿੱਚ ਸ਼ਾਮਲ ਕੀਤਾ ਜਾਵੇਗਾ।

4) ਇਸ ਨੀਤੀ ਤਹਿਤ ਲੀਜ਼ਹੋਲਡ ਤੋਂ ਫ੍ਰੀਹੋਲਡ ਪਲਾਟਾਂ ਵਿੱਚ ਤਬਾਦਲਾ ਕਰਨ ਵਾਲੇ ਬਿਨੈਕਾਰਾਂ ‘ਤੇ ਤਬਾਦਲਾ ਫੀਸ ਲਾਗੂ ਨਹੀਂ ਹੋਵੇਗੀ।

5) ਉਦਯੋਗਿਕ ਪਲਾਟਾਂ ਦਾ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲਾ ਕਰਨ ਦੀ ਮਨਜ਼ੂਰੀ ਤਬਾਦਲਾ ਫੀਸ ਦੇ ਭੁਗਤਾਨ ਉਪਰੰਤ ਸਮਰੱਥ ਅਥਾਰਟੀ ਦੀ ਪ੍ਰਵਾਨਗੀ ‘ਤੇ ਦਿੱਤੀ ਜਾਵੇਗੀ।

